Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 18 * Issue 05
Daily Newspaper Wednesday, January 09, 2019 Tel: 905-793-2202 Fax: 905-793-2282 news@punjabipost.ca

# ਹੰਬੋਲਟ ਬਰੌਂਕੌਸ ਹਾਦਸੇ ਦੇ ਮਾਮਲੇ ’ਚ ਜੱਜ ਨੇ ਡਰਾਈਵਰ ਨੂੰ ਠਹਿਰਾਇਆ ਕਸੂਰਵਾਰ, ਸਜ਼ਾ ਜਲਦ





ਮੈਲਫੋਰਟ, 8 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਨੂੰ ਹੰਬੋਲਟ ਬਰੌਂਕੌਸ ਹਾਦਸੇ ਦੇ ਮਾਮਲੇ ਵਿੱਚ ਜਦੋਂ ਟਰੱਕ ਡਰਾਈਵਰ ਨੂੰ ਸਾਰੇ ਦੋਸ਼ਾਂ ਲਈ ਕਸੂਰਵਾਰ ਠਹਿਰਾਇਆ ਜਾ ਰਿਹਾ ਸੀ ਤਾਂ ਸਕੌਟ ਥਾਮਸ ਉੱਥੇ ਹੀ ਬੈਠਾ ਸੀ। ਜ਼ਿਕਰਯੋਗ ਹੈ ਕਿ ਇਸ ਹਾਦਸੇ ਵਿੱਚ ਜੂਨੀਅਰ ਹਾਕੀ ਦੇ 16 ਖਿਡਾਰੀ ਮਾਰੇ ਗਏ ਸਨ ਤੇ 13 ਉਮਰ ਭਰ ਲਈ ਅਪਾਹਜ ਹੋ ਗਏ ਸਨ।

ਹੰਬੋਲਟ ਬਰੌਂਕੌਸ ਹਾਦਸੇ ਵਿੱਚ ਥਾਮਸ ਨੇ ਆਪਣੇ 18 ਸਾਲਾ ਲੜਕੇ ਈਵਾਨ ਨੂੰ ਗਵਾਇਆ ਸੀ। ਉਹ ਹਮੇਸ਼ਾਂ ਤੋਂ ਇਹ ਚਾਹੁੰਦੇ ਸਨ ਕਿ ਟਰੱਕ ਡਰਾਈਵਰ ਇਸ ਹਾਦਸੇ ਦੀ ਜ਼ਿੰਮੇਵਾਰੀ ਲਵੇ। ਮੈਲਫੋਰਟ ਵਿੱਚ ਕੜਾਕੇ ਦੀ ਠੰਢ ਵਿੱਚ ਪ੍ਰੋਵਿੰਸ਼ੀਅਲ ਅਦਾਲਤ ਦੇ ਬਾਹਰ ਖੜ੍ਹ ਕੇ ਸਸਕਾਟੂਨ ਦੇ ਇਸ ਪਿਤਾ ਨੇ ਆਖਿਆ ਕਿ ਉਨ੍ਹਾਂ ਨੂੰ ਹੁਣ ਰਾਹਤ ਮਿਲੀ ਹੈ ਕਿ ਇਹ ਮਾਮਲਾ ਕਸੂਰਵਾਰ ਨੂੰ ਸਜ਼ਾ ਦੇਣ ਵੱਲ ਵੱਧ ਰਿਹਾ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਕੋਈ ਚਿੰਤਾ ਨਹੀਂ ਹੈ ਕਿ ਜਸਕੀਰਤ ਸਿੰਘ ਸਿੱਧੂ ਨੂੰ ਲੰਮੇ ਸਮੇਂ ਲਈ ਸਜ਼ਾ ਹੁੰਦੀ ਹੈ ਜਾਂ ਥੋੜ੍ਹੇ ਸਮੇਂ ਲਈ। ਉਹ ਕਸੂਰਵਾਰ ਹੈ ਤੇ ਉਸ ਨੇ ਇਹ ਮੰਨਿਆ ਵੀ ਹੈ। ਬੱਸ ਇਹੋ ਉਨ੍ਹਾਂ ਨੇ ਸੁਣਨਾ ਸੀ।

ਜ਼ਿਕਰਯੋਗ ਹੈ ਕਿ ਸਿੱਧੂ ਪਿਛਲੇ ਸਾਲ ਅਪਰੈਲ ਵਿੱਚ ਸਿੱਧੂ ਟਰਾਂਸਪੋਰਟ ਟਰੱਕ ਡਰਾਈਵ ਕਰ ਰਿਹਾ ਸੀ ਉਸ ਦਾ ਟਰੱਕ ਤੇ ਬਰੌਂਕੌਸ ਟੀਮ ਦੀ ਬੱਸ ਇੱਕ ਲਾਂਘੇ ਉੱਤੇ ਟਕਰਾ ਗਈ। ਇਹ ਟੀਮ ਸਸਕੈਚਵਨ ਵਿੱਚ ਜੂਨੀਅਰ ਹਾਕੀ ਲੀਗ ਮੈਚ ਖੇਡਣ ਜਾ ਰਹੀ ਸੀ।

...ਬਾਕੀ ਪੰਨਾ 6 ’ਤੇ

## ਪਾਈਪਲਾਈਨ ਦਾ ਵਿਰੋਧ ਕਰਨ ਵਾਲੇ 14 ਵਿਅਕਤੀਆਂ ਨੂੰ ਆਰਸੀਐਮਪੀ ਨੇ ਕੀਤਾ ਗ੍ਰਿਫਤਾਰ




ਹਿਊਸਟਨ, ਬੀਸੀ, 8 ਜਨਵਰੀ (ਪੋਸਟ ਬਿਊਰੋ) : ਆਰਸੀਐਮਪੀ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਹਿੱਸੇ ਵਿੱਚ ਜੰਗਲਾਂ ਨੂੰ ਜਾਂਦੀ ਇੱਕ ਸੜਕ ਨੂੰ ਘੇਰੀ ਖੜ੍ਹੇ 14 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਹ ਲੋਕ ਪਾਈਪਲਾਈਨ ਪ੍ਰੋਜੈਕਟ ਤੱਕ ਪਹੁੰਚ ਨੂੰ ਰੋਕ ਰਹੇ ਸਨ।

ਮਾਊਂਟੀਜ਼ ਨੇ ਦੱਸਿਆ ਕਿ ਇਹ ਗ੍ਰਿਫਤਾਰੀਆਂ ਮੌਰਿਸ ਵੈਸਟ ਫੌਰੈਸਟ ਸਰਵਿਸ ਰੋਡ ਉੱਤੇ ਗਿਡਮਟੈਨ ਚੈੱਕਨਾਕੇ ਉੱਤੇ ਹੋਈਆਂ। ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਕਥਿਤ ਤੌਰ ਉੱਤੇ ਸੜਕ ਦੇ ਨਾਲ ਨਾਲ ਕਈ ਥਾਂਵਾਂ ਉੱਤੇ ਅੱਗ ਬਲਦੀ ਵੇਖੀ। ਵੈਟਸੁਵੇਟਨ ਫਰਸਟ ਨੇਸ਼ਨ ਦੇ ਗਿਡਮਟੈਨ ਖਾਨਦਾਨ ਦੇ ਮੈਂਬਰਾਂ ਵੱਲੋਂ ਪਾਈਪਲਾਈਨ ਤੱਕ ਪਹੁੰਚ ਉੱਤੇ ਨਿਯੰਤਰਣ ਕਰਨ ਲਈ ਹਿਊਸਟਨ ਦੇ ਦੱਖਣਪੱਛਮ ਵਿੱਚ ਸਥਿਤ ਇਸ ਇਲਾਕੇ ਵਿੱਚ ਕੈਂਪ ਤੇ ਚੈੱਕਨਾਕਾ ਲਾਇਆ ਸੀ।

...ਬਾਕੀ ਪੰਨਾ 6 ’ਤੇ

## ਡੋਨੇਸ਼ਨ ਬਾਕਸ ਵਿੱਚ ਫਸਣ ਕਾਰਨ ਮਹਿਲਾ ਦੀ ਹੋਈ ਮੌਤ




ਟੋਰਾਂਟੋ, 8 ਜਨਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਟੋਰਾਂਟੋ ਵਿੱਚ ਕੱਪੜੇ ਦਾਨ ਕਰਨ ਵਾਲੇ ਬਾਕਸ ਵਿੱਚੋਂ ਇੱਕ 35 ਸਾਲਾ ਮਹਿਲਾ ਦੇ ਮਿਲਣ ਤੋਂ ਬਾਅਦ ਉਸ ਦੀ ਮੌਤ ਹੋ ਗਈ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਤੜ੍ਹਕੇ 2:00 ਵਜੇ ਬਲੂਰ ਸਟਰੀਟ ਤੇ ਡੋਵਰਕੋਰਟ ਰੋਡ ਨੇੜੇ ਸਥਿਤ ਬਿਲਡਿੰਗ ਦੇ ਪਿੱਛਿਓਂ ਲੋਕਾਂ ਨੂੰ ਕਿਸੇ ਮਹਿਲਾ ਵੱਲੋਂ ਮਦਦ ਲਈ ਲਾਈ ਜਾਣ ਵਾਲੀ ਆਵਾਜ਼ ਸੁਣਾਈ ਦਿੱਤੀ। ਜਦੋਂ ਐਮਰਜੰਸੀ ਅਮਲਾ ਪਹੁੰਚਿਆ ਤਾਂ ਔਰਤ ਦਾ ਅੱਧਾ ਸ਼ਰੀਰ ਬਾਕਸ ਤੋਂ ਬਾਹਰ ਨਜ਼ਰ ਆ ਰਿਹਾ ਸੀ। ਪੁਲਿਸ ਨੇ ਦੱਸਿਆ ਕਿ ਜਦੋਂ ਫਾਇਰਫਾਈਟਰਜ਼ ਨੇ ਡੋਨੇਸ਼ਨ ਬਾਕਸ ਦਾ ਧਾਤ ਵਾਲਾ ਹਿੱਸਾ ਕੱਟ ਕੇ ਔਰਤ ਨੂੰ ਬਾਹਰ ਕੱਢਿਆ ਤਾਂ ਉਸ ਵਿੱਚ ਕੋਈ ਸਾਹ ਸਤ ਨਹੀਂ ਸੀ।

...ਬਾਕੀ ਪੰਨਾ 6 ’ਤੇ

Happy Lohri
ਲੋਹੜੀ ਖੁਸ਼ੀਆਂ ਲੈ ਕੇ ਆਈ
ਵੰਡੋ ਸਾਰਿਆਂ ਨੂੰ ਮਠਿਆਈ
ਇਸ ਲੋਹੜੀ ਤੇ ਆਪਣੀ ਤੇ ਆਪਣੇ ਪਰਿਵਾਰ ਦੀਆਂ ਖੁਸ਼ੀਆਂ ਭਰੀ ਤਸਵੀਰਾਂ ਸਾਡੇ ਅਖਬਾਰ ਵਿੱਚ ਲਵਾਉ ਤੇ ਆਪਣੇ ਪਿਆਰਿਆਂ ਨੂੰ ਲੋਹੜੀ ਦੀਆਂ ਵਧਾਈਆਂ ਦਵੋ
ਕੈਨੇਡੀਅਨ ਪੰਜਾਬੀ ਪੋਸਟ
ਕਾਲ ਕਰੋ: 905-793-2202
ਜਾਂ ਇ-ਮੇਲ ਕਰੋ: news@punjabipost.ca

## ਬਰੈਂਪਟਨ ਟਰਾਂਜ਼ਿਟ ਲਈ ਓਨਟਾਰੀਓ ਵੱਲੋਂ ਐਲਾਨੇ ਫੰਡਾਂ ਦੀ ਐਮਪੀਪੀਜ਼ ਵੱਲੋਂ ਸ਼ਲਾਘਾ





ਬਰੈਂਪਟਨ, 8 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਦੇ ਮਿਊਂਸਪਲ ਟਰਾਂਜ਼ਿਟ ਸਿਸਟਮ ਲਈ 13 ਮਿਲੀਅਨ ਡਾਲਰ ਦੇ ਫੰਡ ਦੇਣ ਦਾ ਐਲਾਨ ਕਰਨ ਉੱਤੇ ਬਰੈਂਪਟਨ ਦੇ ਐਮਪੀਪੀਜ਼ ਅਮਰਜੋਤ ਸੰਧੂ ਤੇ ਪ੍ਰਭਮੀਤ ਸਰਕਾਰੀਆ ਵੱਲੋਂ ਟਰਾਂਸਪੋਰਟੇਸ਼ਨ ਮੰਤਰੀ ਜੈੱਫ ਯੂਰੇਕ ਦਾ ਧੰਨਵਾਦ ਕੀਤਾ ਗਿਆ।

...ਬਾਕੀ ਪੰਨਾ 6 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga | Axxel Insurance Brokers Ltd.

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 | 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

Law Office of Aman Sharma
Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

• SUPER VISA INSURANCE
• VISITOR VISA INSURANCE
• TRAVEL INSURANCE
• STUDENT INSURANCE
• NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

KELLEY LAW OFFICE
AREA OF PRACTICE
Immigration | Real Estate
Family Law | Business Closing
Corporate | Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ ।

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com
www.aristopestcontrol.com

## A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers **No Waiting at All**
- **Highest Pay Rate** Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- **Always Home At Weekends**
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

**"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"**

**New Drivers Are Also Welcome, We Give Paid Training With Full Time Job**

**For Further Information Contact: 6476253344**



## NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

**International & Domestic Air Tickets**
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA · PIA · ETIHAD · KLM · Emirates · SWISS · BRITISH AIRWAYS · JET AIRWAYS

**Travel Worry Free With Insurance**
- Super Visa Insurance
- Visitor to Canada
- Trip Cancellation
- Trip Interruption

Manulife



Signature.ca · WestJet vacations · transat · sunwing · Air Canada Vacations · tico.ca · IATA

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



## NEED A LAWYER ??
# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

**Tel : 905-454-0099**
Fax: 905-454-2234
2575 Steeles Ave. E., Unit 1,Brampton, ON L6T 5T1



## SimConnect FREIGHT MANAGEMENT
## HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ



Owner Operator up to 1.65 Per miles

Company Drivers :
Solo/Team : upto .65 Cents Per Mile

Sim Connect Freight Management

24 Hrs Dispatch

**Ph: (905)915-1805/(905)799-8822**
3380 Airway Dr Mississauga Ontario L4T1V3



## chatr MOBILE

NEW

# NATION-WIDE
## TALK, TEXT & DATA PLANS
FROM
# $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING
CHATRMOBILE.COM

VISIT OUR LOCATIONS TODAY!

379 Main St. North, Brampton, ON 2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ >>

ਪਾਰਲੀਮੈਂਟ ਲਈ ਚੋਣ ਜਦ ਆਈ ਲਾਗੇ,
ਧਮਕੜੇ ਪਈ ਆ ਕੇਂਦਰ ਸਰਕਾਰ ਬੇਲੀ।
ਕੀਤਾ ਅਸੀਂ ਤਾਂ ਕੰਮ ਆ ਬਹੁਤ ਵਧੀਆ,
ਕਰਦੀ ਪਈ ਇਹ ਬਹੁਤ ਪਰਚਾਰ ਬੇਲੀ।
ਜਿਹੜੇ ਮੁੱਦੇ ਨਹੀਂ ਅਜੇ ਤੱਕ ਯਾਦ ਆਏ,
ਆਇਆ ਉਨ੍ਹਾਂ ਲਈ ਜਾਪਦਾ ਵਾਰ ਬੇਲੀ।
ਆਹ ਵੀ ਕਰ ਦਿਓ, ਅਹੁ ਨਾ ਰਹਿ ਜਾਵੇ,
ਫੜੀ ਲਈ ਤੇਜ਼ ਹੈ ਬੜੀ ਰਫਤਾਰ ਬੇਲੀ।
ਵੋਟਰ ਖਿੱਚਣ ਲਈ ਚੋਗਾ ਖਿਲਾਰਨੇ ਲਈ,
ਮੋਦੀ ਟੀਮ ਨੇ ਲਾਇਆ ਪਿਆ ਜ਼ੋਰ ਬੇਲੀ।
ਮੂੰਹ ਤੋਂ ਬੋਲ ਤੇ ਭਾਵੇਂ ਨਹੀਂ ਰਿਹਾ ਵੋਟਰ,
ਅੰਦਰੋਂ ਮੂਡ ਜਿਹਾ ਜਾਪ ਰਿਹਾ ਹੋਰ ਬੇਲੀ।

**ਤੀਸ ਮਾਰ ਖਾਂ**

# ਉੱਚ ਜਾਤਾਂ ਦੇ ਲੋਕਾਂ ਲਈ ਰਿਜ਼ਰਵੇਸ਼ਨ ਬਿੱਲ ਲੋਕ ਸਭਾ ਤੋਂ ਪਾਸ



ਨਵੀਂ ਦਿੱਲੀ, 8 ਜਨਵਰੀ, (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਵੱਲੋਂ ਵੱਡੇ ਮਾਸਟਰ ਸਟ੍ਰੋਕ ਵਜੋਂ ਪੇਸ਼ ਕੀਤਾ ਗਿਆ ਉੱਚ ਜਾਤਾਂ ਨੂੰ ਰਿਜ਼ਰਵੇਸ਼ਨ ਦਾ ਬਿੱਲ ਅੱਜ ਲੋਕ ਸਭਾ ਵਿੱਚ ਪਾਸ ਹੋ ਗਿਆ ਹੈ।

ਉੱਚ ਜਾਤਾਂ ਦੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਸਰਕਾਰੀ ਨੌਕਰੀਆਂ ਦੀ 10 ਫੀਸਦੀ ਰਿਜ਼ਰਵੇਸ਼ਨ ਦੇਣ ਲਈ ਸਰਕਾਰ ਨੇ ਅੱਜ ਲੋਕ ਸਭਾ ਵਿਚ ਸੰਵਿਧਾਨਕ ਸੋਧ ਬਿੱਲ ਪੇਸ਼ ਕੀਤਾ, ਜਿਹੜਾ ਦੇਰ ਰਾਤ ਪਾਸ ਹੋ ਗਿਆ। ਇਸ ਦੇ ਪੱਖ ਵਿੱਚ ਓਥੇ ਮੌਜੂਦ 326 ਮੈਂਬਰਾਂ ਵਿਚੋਂ 323 ਨੇ ਵੋਟ ਪਾਈ ਅਤੇ 3 ਵੋਟਾਂ ਇਸ ਦੇ ਖਿਲਾਫ ਪਈਆਂ ਤੇ ਕੁਝ ਲੋਕ ਬਾਹਰ ਰਹੇ। ਕੇਂਦਰੀ ਸਮਾਜ ਭਲਾਈ ਮੰਤਰੀ ਥਾਵਰਚੰਦ ਗਹਿਲੋਤ ਨੇ ਬਿੱਲ ਪੇਸ਼ ਕਰਦੇ ਹੋਏ ਕਿਹਾ ਕਿ ਇਸ ਵੇਲੇ ਇਤਿਹਾਸਕ ਕਦਮ ਚੁੱਕਣ ਦੀ ਲੋੜ ਸੀ। ਉਨ੍ਹਾਂ ਕਿਹਾ ਕਿ ਐੱਸ ਸੀ/ ਐੱਸ ਟੀ (ਸੂਚੀ ਦਰਜ ਜਾਤਾਂ ਅਤੇ ਸੂਚੀ ਦਰਜ ਕਬੀਲੇ) ਅਤੇ ਓ ਬੀ ਸੀ (ਹੋਰ ਪਛੜੀਆਂ ਸ਼੍ਰੇਣੀਆਂ) ਦੇ ਰਿਜ਼ਰਵੇਸ਼ਨ ਨਾਲ ਕੋਈ ਛੇੜਛਾੜ ਨਹੀਂ ਕੀਤੀ ਜਾਵੇਗੀ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਮੋਦੀ ਸਰਕਾਰ ਨੇ ਆਰਥਿਕ ਤੌਰ ਉੱਤੇ ਪੱਛੜੇ ਉੱਚ ਜਾਤਾਂ ਦੇ ਲੋਕਾਂ ਨੂੰ 10 ਫੀਸਦੀ ਰਿਜ਼ਰਵੇਸ਼ਨ ਦੇਣ ਨੂੰ ਮਨਜ਼ੂਰੀ ਦਿੱਤੀ ਸੀ, ਜਿਸ ਉੱਤੇ ਅਮਲ ਲਈ ਲੋਕ ਸਭਾ ਵਿਚ ਸੰਵਿਧਾਨ ਸੋਧ ਬਿੱਲ ਪੇਸ਼ ਕੀਤਾ ਗਿਆ ਸੀ। ਸਰਕਾਰ ਨੇ ਇਸਾਈ ਤੇ ਮੁਸਲਿਮ ਲੋਕਾਂ ਸਮੇਤ ਅਨਰਿਜ਼ਰਵਡ ਕੈਟੇਗਰੀ ਦੇ ਲੋਕਾਂ ਨੂੰ ਨੌਕਰੀਆਂ ਅਤੇ ਸਿੱਖਿਆ ਵਿਚ 10 ਫੀਸਦੀ ਰਿਜ਼ਰਵੇਸ਼ਨ ਦੇਣ ਦਾ ਫੈਸਲਾ ਕੀਤਾ ਹੈ। ਇਸ ਨਾਲ 8 ਲੱਖ ਰੁਪਏ ਸਾਲਾਨਾ ਆਮਦਨ ਹੱਦ ਤੇ ਕਰੀਬ 5 ਏਕੜ ਜ਼ਮੀਨ ਵਾਲੇ ਗਰੀਬ ਕਿਸਾਨ ਸ਼੍ਰੇਣੀ ਦੇ ਜਨਰਲ ਕੈਟੇਗਰੀ ਲੋਕਾਂ ਨੂੰ ਲਾਭ ਮਿਲੇਗਾ। ਥਾਵਰਚੰਦ ਗਹਿਲੋਤ ਨੇ ਕਿਹਾ ਕਿ ਬਿੱਲ ਵਿਚ ਠਾਕੁਰ, ਬ੍ਰਾਹਮਣ, ਇਸਾਈ, ਮੁਸਲਿਮ ਸਭ ਦਾ ਚੇਤਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬਿੱਲ ਦੇਰੀ ਨਾਲ, ਪਰ ਸਹੀ ਨੀਤ ਨਾਲ ਲਿਆਂਦਾ ਹੈ, ਕਾਹਲੀ ਵਿਚ ਫੈਸਲਾ ਨਹੀਂ ਕੀਤਾ। ਸੁਪਰੀਮ ਕੋਰਟ ਤੋਂ ਕੋਈ ਅੜਿੱਕਾ ਨਾ ਆਵੇ, ਇਸ ਲਈ ਸੰਵਿਧਾਨ ਸੋਧ ਬਿੱਲ ਪੇਸ਼ ਕੀਤਾ ਹੈ। ਜਨਰਲ ਕੈਟੇਗਰੀ ਰਿਜ਼ਰਵੇਸ਼ਨ ਬਿੱਲ ਉੱਤੇ ਚਰਚਾ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਲੋਕ ਸਭਾ ਵਿੱਚ ਮੌਜੂਦ ਸਨ।

ਇਸ ਬਿੱਲ ਦਾ ਵਿਰੋਧ ਕਰਦੇ ਹੋਏ ਇਤਹਾਦੁਲ ਮੁਸਲਮੀਨ ਦੇ ਆਗੂ ਅਸਦੁਦੀਨ ਓਵੈਸੀ ਨੇ ਇਸ ਨੂੰ ਸੰਵਿਧਾਨ ਦਾ ਅਪਮਾਨ ਅਤੇ ਸੰਵਿਧਾਨ ਬਣਾਉਣ ਵਾਲੇ ਡਾ: ਭੀਮਰਾਓ ਅੰਬੇਡਕਰ ਨਾਲ ਧੋਖਾ ਕਿਹਾ ਹੈ। ਉਨ੍ਹਾਂ ਕਿਹਾ ਕਿ ਤੇਲੰਗਾਨਾ ਵਿਚ ਮੁਸਲਮਾਨਾਂ ਨੂੰ ਰਿਜ਼ਰਵੇਸ਼ਨ ਦੇਣ ਵੇਲੇ ਭਾਜਪਾ ਵਿਰੋਧ ਕਰਦੀ ਸੀ, ਪਰ ਅੱਜ ਸੁਰ ਬਦਲ ਚੁੱਕੇ ਹਨ। ਹਰਿਆਣਾ ਦੇ ਦੁਸ਼ਯੰਤ ਚੌਟਾਲਾ ਨੇ ਇਸ ਨੂੰ ਲਾਲੀਪੌਪ ਦੱਸਿਆ ਅਤੇ ਕਿਹਾ ਕਿ ਕੇਂਦਰ ਸਰਕਾਰ ਨੇ ਸਿਆਸੀ ਲਾਭ ਲਈ ਕਾਹਲੀ ਵਿਚ ਲਿਆਂਦਾ ਹੈ। ਆਮ ਆਦਮੀ ਪਾਰਟੀ ਦੇ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਮੋਦੀ ਉੱਤੇ ਨਿਸ਼ਾਨਾ ਸੇਧਿਆ ਤੇ ਇਸ ਬਿੱਲ ਨੂੰ ਸਿਆਸੀ ਸਟੰਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਜੇ ਭਾਜਪਾ ਆਗੂਆਂ ਦੇ ਦਿਲ ਵਿੱਚ ਗਰੀਬਾਂ ਦਾ ਮੋਹ ਸੀ ਤਾਂ ਇਹ ਬਿੱਲ ਪਹਿਲਾਂ ਲਿਆਉਂਦੇ, ਇਹ ਭਾਰਤੀ ਜੁਮਲਾ ਪਾਰਟੀ ਦਾ ਸਿਆਸੀ ਸਟੰਟ ਹੈ, ਜਿਸ ਦਾ ਪ੍ਰਧਾਨ ਮੰਤਰੀ ਮੋਦੀ ਰੈਲੀਆਂ ਵਿੱਚ ਕ੍ਰੈਡਿਟ ਲੈਂਦੇ ਦਿੱਸਣਗੇ। ਪਿਛਲੇ ਮਹੀਨੇ ਮੋਦੀ ਸਰਕਾਰ ਤੋਂ ਅਸਤੀਫਾ ਦੇ ਚੁੱਕੇ ਰਾਸ਼ਟਰੀ ਲੋਕ ਸਮਤਾ ਪਾਰਟੀ ਦੇ ਮੁਖੀ ਉਪੇਂਦਰ ਕੁਸ਼ਵਾਹਾ ਨੇ ਕਿਹਾ ਕਿ ਰਾਖਵੇਂਕਰਨ ਨਾਲ ਨੌਕਰੀ ਨਹੀਂ ਮਿਲਦੀ, ਇਹ ਗੱਲ ਸਮਝ ਆਏ ਤਾਂ ਰਿਜ਼ਰਵੇਸ਼ਨ ਲੈਣ ਵਾਲੇ ਵਰਗ ਵੀ ਸਰਕਾਰ ਦੇ ਖਿਲਾਫ ਹੋਣਗੇ। ਉਨ੍ਹਾ ਕਿਹਾ ਕਿ ਸਰਕਾਰੀ ਸਕੂਲਾਂ ਦੇ ਪੜ੍ਹੇ ਬੱਚਿਆਂ ਨੂੰ ਰਿਜ਼ਰਵੇਸ਼ਨ ਵਿੱਚ ਪਹਿਲ ਦੇਣੀ ਚਾਹੀਦੀ ਹੈ, ਜਿਸ ਨਾਲ ਸਿੱਖਿਆ ਦੀ ਹਾਲਤ ਸੁਧਰੇਗੀ। ਕਾਂਗਰਸ ਦੇ ਦੀਪੇਂਦਰ ਹੁੱਡਾ ਨੇ ਕਿਹਾ ਕਿ ਅਸੀਂ ਬਿੱਲ ਦਾ ਸਮਰਥਨ ਕਰਦੇ ਹਾਂ, ਪਰ ਸਰਕਾਰ ਦੀ ਨੀਤ ਉੱਤੇ ਸ਼ੱਕ ਹੈ।



ਨਕੋਦਰ ਤੋਂ ਜਗਬਾਣੀ ਅਖਬਾਰ ਦੇ ਪੱਤਰਕਾਰ ਕ੍ਰਿਪਾਲ ਸਿੰਘ ਪਾਲੀ ਦਾ ਟਰਾਂਟੋ ਪਹੁੰਚਣ ਮੌਕੇ ਯੂਥ ਅਕਾਲੀ ਦਲ ਦੇ ਬਿੱਟੂ ਸਹੋਤਾ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਕ੍ਰਿਪਾਲ ਸਿੰਘ ਪਾਲੀ ਨਾਲ ਗੱਲਬਾਤ ਕਰਨ ਲਈ 647-688-2488 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਤਸਵੀਰ ਵਿਚ ਬਿੱਟੂ ਸਹੋਤਾ ਕ੍ਰਿਪਾਲ ਸਿੰਘ ਪਾਲੀ ਦਾ ਸਵਾਗਤ ਕਰਦੇ ਹੋਏ।

## ਪਾਰਟੀ ਦੀ ਕੋਈ ਪਛਾਣ ਨਾ ਹੋਣਾ ਚੋਣਾਂ ਲਈ ਵੱਡਾ ਅੜਿੱਕਾ : ਬਰਨੀਅਰ

ਓਟਵਾ, 8 ਜਨਵਰੀ (ਪੋਸਟ ਬਿਊਰੋ) : ਨਵੀਂ ਕਾਇਮ ਕੀਤੀ ਗਈ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਰਾਹ ਵਿੱਚ 2019 ਵਿੱਚ ਇੱਕ ਵੱਡਾ ਅੜਿੱਕਾ ਹੈ ਤੇ ਉਹ ਇਹ ਕਿ ਇਸ ਦੀ ਕੋਈ ਪਛਾਣ ਨਹੀਂ ਹੈ।

ਪਾਰਟੀ ਦੇ ਆਗੂ ਮੈਕਸਿਮ ਬਰਨੀਅਰ ਦਾ ਵੀ ਇਹੋ ਮੰਨਣਾ ਹੈ ਕਿ ਲੋਕਾਂ ਨੂੰ ਉਨ੍ਹਾਂ ਦੀ ਪਾਰਟੀ ਦਾ ਨਾਂ ਹੀ ਨਹੀਂ ਪਤਾ ਹੈ। ਇਸ ਲਈ ਲੋਕਾਂ ਨੂੰ ਮੈਕਸਿਮ ਬਰਨੀਅਰ ਤੇ ਪੀਪਲਜ਼ ਪਾਰਟੀ ਦਰਮਿਆਨ ਸਬੰਧ ਮੰਨਣ ਲਈ ਰਾਜ਼ੀ ਕਰਨਾ ਹੀ ਉਨ੍ਹਾਂ ਦੀ ਸੱਭ ਤੋਂ ਵੱਡੀ ਚੁਣੌਤੀ ਹੈ। ਇੱਥੇ ਦੱਸਣਾ ਬਣਦਾ ਹੈ ਕਿ ਬਰਨੀਅਰ ਨੇ ਚਾਰ ਮਹੀਨੇ ਪਹਿਲਾਂ ਹੀ ਕੰਜ਼ਰਵੇਟਿਵ ਪਾਰਟੀ ਨੂੰ ਅਲਵਿਦਾ ਆਖ ਕੇ ਆਪਣੀ ਪਾਰਟੀ ਕਾਇਮ ਕੀਤੀ ਹੈ। ਉਨ੍ਹਾਂ ਆਖਿਆ ਕਿ ਹਾਊਸ ਆਫ ਕਾਮਨਜ਼ ਦੀ ਹਰੇਕ ਸੀਟ ਲਈ ਉਨ੍ਹਾਂ 338 ਹਲਕਿਆਂ ਵਿੱਚ ਆਪਣੀ ਪਾਰਟੀ ਦੇ ਨੁਮਾਇੰਦੇ ਬਣਾ ਲਏ ਹਨ ਤੇ ਉਨ੍ਹਾਂ ਨੂੰ ਆਸ ਹੈ ਕਿ ਉਹ ਇਨ੍ਹਾਂ ਚੋਣਾਂ ਵਿੱਚ ਕਮਾਲ ਕਰ ਸਕਣਗੇ।

ਪੀਪਲਜ਼ ਪਾਰਟੀ ਨੇ ਆਉਣ ਵਾਲੀਆਂ ਜ਼ਿਮਨੀ ਚੋਣਾਂ ਲਈ ਵੀ ਦੋ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਜ਼ਿਮਨੀ ਚੋਣਾਂ ਵਿੱਚ ਪਹਿਲੀ ਵਾਰੀ ਪੀਪਲਜ਼ ਪਾਰਟੀ ਦੇ ਉਮੀਦਵਾਰਾਂ ਦਾਂ ਨਾਂ ਟਿਕਟ ਵਿੱਚ ਸ਼ਾਮਲ ਹੋਵੇਗਾ। ਬਰਨੀਅਰ ਦਾ ਕਹਿਣਾ ਹੈ ਕਿ ਇਹ ਜ਼ਿਮਨੀ ਚੋਣਾਂ ਵੀ ਸਾਡੇ ਲਈ ਇਮਤਿਹਾਨ ਦੀ ਵੱਡੀ ਘੜੀ ਹੋਣਗੀਆਂ। ਹਾਲਾਂਕਿ ਅਜੇ ਤੱਕ ਬਰਨੀਅਰ ਨੇ ਪਾਰਟੀ ਦੇ ਪਲੇਟਫਾਰਮ ਦਾ ਖੁਲਾਸਾ ਨਹੀਂ ਕੀਤਾ ਹੈ ਪਰ ਉਨ੍ਹਾਂ ਆਖਿਆ ਕਿ ਇਸ ਦਾ 80 ਫੀ ਸਦੀ ਕੰਮ ਮੁਕੰਮਲ ਹੋ ਚੁੱਕਿਆ ਹੈ।

## ਮੇਜਰ ਨੱਤ ਅਤੇ ਪੰਨੂੰ ਪਰਿਵਾਰ ਨੂੰ ਸਦਮਾ

### ਸੁਰਿੰਦਰਪਾਲ ਸਿੰਘ ਪੰਨੂੰ ਦੀ ਦਿਲ ਦੇ ਦੌਰੇ ਨਾਲ ਮੌਤ



ਮਾਹਲਪੁਰ ਦੇ ਨੇੜੇ ਪਿੰਡ ਓਟਵਾਲ ਦੇ ਨਿਵਾਸੀ ਸ. ਸੁਰਿੰਦਰਪਾਲ ਸਿੰਘ ਪੰਨੂੰ ਬੀਤੇ ਦਿਨੀਂ ਅਚਾਨਕ ਦਿਲ ਦੇ ਦੌਰੇ ਕਾਰਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹ 58 ਵਰ੍ਹਿਆਂ ਦੇ ਸਨ ਅਤੇ ਬੀਤੇ ਲੰਬੇ ਸਮੇਂ ਤੋਂ ਬਰੈਂਪਟਨ 'ਚ ਰਹਿ ਰਹੇ ਸਨ। ਉਨ੍ਹਾਂ ਦੇ ਅੰਤਿਮ ਸਸਕਾਰ 30 ਬਰਿਮਵਿਊ ਕੋਰਟ ਬਰੈਂਪਟਨ 'ਚ ਸਥਿਤ ਬਰੈਂਪਟਨ ਕਰੈਮੇਟੋਰੀਅਮ ਵਿਖੇ ਦਿਨ ਵੀਰਵਾਰ ਨੂੰ 12 ਤੋਂ 2 ਵਜੇ ਤੱਕ ਕੀਤੇ ਜਾਣਗੇ। ਇਸ ਉਪਰੰਤ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਉਨ੍ਹਾਂ ਨਮਿਤ ਪਾਠ ਦੇ ਭੋਗ 2:30 ਵਜੇ ਤੋਂ ਲੈਕੇ 3:30 ਵਜੇ ਤੱਕ ਸਿੱਖ ਸਪੀਰੀਚਿਅਲ ਸੈਂਟਰ ਰੈਕਸਡੇਲ ਵਿਖੇ ਪਾਏ ਜਾਣਗੇ। ਸ. ਸੁਰਿੰਦਰਪਾਲ ਸਿੰਘ ਪੰਨੂੰ ਪ੍ਰਸਿੱਧ ਕਾਰੋਬਾਰੀ ਏਸ਼ੀਅਨ ਫੂਡ ਸੈਂਟਰ ਦੇ ਸ. ਮੇਜਰ ਸਿੰਘ ਨੱਤ ਦੇ ਸਾਲਾ ਸਾਹਿਬ ਅਤੇ ਦਵਿੰਦਰ ਸਿੰਘ ਪੰਨੂੰ ਦੇ ਭਰਾ ਸਨ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ. ਮੇਜਰ ਸਿੰਘ ਨੱਤ ਨਾਲ 416-543-7101 ਜਾਂ ਉਨ੍ਹਾਂ ਦੇ ਬੇਟੇ ਕੁਲਦੀਪ ਸਿੰਘ ਪੰਨੂੰ ਅਤੇ ਉਨ੍ਹਾਂ ਦੇ ਭਰਾ ਦਵਿੰਦਰ ਸਿੰਘ ਪੰਨੂੰ ਨਾਲ 647-294-3428 'ਤੇ ਸੰਪਰਕ ਕੀਤਾ ਜਾ ਸਕਦਾ ਹੈ।




ਬੀਤੇ ਕੱਲ੍ਹ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਨੇ ਆਪਣੇ ਮਲੇਸ਼ੀਆ ਦੇ ਸਰਕਾਰੀ ਦੌਰੇ ਦੌਰਾਨ ਹੁਣ ਮਲੇਸ਼ੀਆ ਦੇ ਪਹਿਲੇ ਕੈਬਨਿਟ ਮੰਤਰੀ ਬਣ ਚੁੱਕੇ ਸ. ਗੋਬਿੰਦ ਸਿੰਘ ਦਿਓ ਦੇ ਨਾਲ ਲੰਬੀ ਮੁਲਾਕਾਤ ਕੀਤੀ। ਸ. ਗੋਬਿੰਦ ਸਿੰਘ ਦਿਓ ਇਸ ਵੇਲੇ ਮਲੇਸ਼ੀਆ ਦੇ ਕਮਿਊਨੀਕੇਸ਼ਨ ਅਤੇ ਮਲਟੀਮੀਡੀਆ ਮੰਤਰੀ ਹਨ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

REXDALE FINANCIAL SERVICES
WE HELP YOU START GROW AND SUCCEED
19 Woodbine Downs Blvd unit#201 Etobicoke ON M9W 6N5
The Mortgage Centre
WE HELP YOU START GROW AND SUCCEED
Call now: 416-674-8035
416-674-7050
Fax: 416-674-9009
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS?
SHOPPING FOR A BETTER INTEREST RATE?
MORTGAGES SUITABLE FOR EVERY NEED !
1st, and 2nd Mortgages Available !
ALL IN ONE LOW MONTHLY PAYMENT !
ਕੀ ਤੁਸੀਂ ਚਾਹੁੰਦੇ ਹੋ ?
SELF-EMPLOYED OR UN-EMPLOYED
Some Conditions Apply
Each Mortgage Centre is independently owned and operated.
ਜਿਆਦਾ ਵਿਆਜ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜ਼ਾ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by Upto 50%
YOU NEED A MORTGAGE? WE'LL ARRANGE IT FOR YOU NO MATTER WHAT YOUR REASON IS !
Jaspal Singh Gahunia
# M08006400
416-677-0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੌਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

ShreGill Law Firm
Barrister, Solicitor & Notary Public
Services:
• Real Estate
• Residential, Commercial, Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸੁਖਪਾਲ ਸਿੰਘ ਖਹਿਰਾ ਵੱਲੋਂ ਨਵੀਂ ਸਿਆਸੀ ਧਿਰ 'ਪੰਜਾਬੀ ਏਕਤਾ ਪਾਰਟੀ' ਦਾ ਆਗਾਜ਼



ਚੰਡੀਗੜ੍ਹ, 8 ਜਨਵਰੀ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਕੁਝ ਮਹੀਨੇ ਪਹਿਲਾਂ ਬਾਗੀ ਹੋਣ ਵਾਲੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਮੰਗਲਵਾਰ ਨੂੰ ਨਵੀਂ ਸਿਆਸੀ ਧਿਰ 'ਪੰਜਾਬੀ ਏਕਤਾ ਪਾਰਟੀ' ਦਾ ਰਸਮੀ ਐਲਾਨ ਕਰ ਦਿੱਤਾ ਹੈ। ਸਥਾਨਕ ਪ੍ਰੈੱਸ ਕਲੱਬ ਵਿੱਚ ਸੁਖਪਾਲ ਸਿੰਘ ਖਹਿਰਾ ਵੱਲੋਂ ਪੰਜਾਬੀ ਏਕਤਾ ਪਾਰਟੀ ਦਾ ਐਲਾਨ ਹੋਣ ਮੌਕੇ ਇਸ ਦੇ ਪਹਿਲੇ ਪ੍ਰਧਾਨ ਵਜੋਂ ਦੀਪਕ ਬੰਸਲ ਨੇ ਸੁਖਪਾਲ ਸਿੰਘ ਖਹਿਰਾ ਦਾ ਨਾਂ ਪੇਸ਼ ਕਰ ਦਿੱਤਾ।

ਨਵੀਂ ਪਾਰਟੀ ਦੇ ਐਲਾਨ ਮੌਕੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਨੂੰ ਅਕਾਲੀ ਦਲ ਤੇ ਕਾਂਗਰਸ ਪਾਰਟੀ ਨੇ ਲੁੱਟਿਆ, ਪੁੱਟਿਆ ਤੇ ਕੁੱਟਿਆ ਹੋਣ ਕਾਰਨ ਇਸ ਦੇ ਸਿਰ ਢਾਈ ਲੱਖ ਕਰੋੜ ਰੁਪਏ ਕਰਜ਼ਾ ਹੈ, ਜਿਸ ਦੀ ਕਿਸ਼ਤ ਦੇਣੀ ਵੀ ਔਖੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਢਿੱਡ ਭਰਨ ਵਾਲੇ ਪੰਜਾਬੀ ਕਿਸਾਨ ਮੁਸੀਬਤਾਂ ਝੱਲ ਰਹੇ ਹਨ, ਉਨ੍ਹਾਂ ਸਿਰ ਇਕ ਲੱਖ ਕਰੋੜ ਰੁਪਏ ਕਰਜ਼ਾ ਹੈ। ਪੰਜਾਬ ਦਾ ਸਭ ਤੋਂ ਵੱਧ ਨੁਕਸਾਨ ਟਰਾਂਸਪੋਰਟ ਮਾਫੀਆ, ਡਰੱਗ ਮਾਫੀਆ, ਕੇਬਲ ਤੇ ਰੇਤ ਮਾਫੀਆ ਨੇ ਕੀਤਾ ਹੈ। ਮੌਜੂਦਾ ਸਰਕਾਰ ਬਾਰੇ ਉਨ੍ਹਾ ਕਿਹਾ ਕਿ ਅਮਰਿੰਦਰ ਸਿੰਘ ਦੇ ਰਾਜ ਵਿਚ ਭ੍ਰਿਸ਼ਟਾਚਾਰ, ਨਸ਼ਾਖੋਰੀ ਤੇ ਹਰ ਤਰ੍ਹਾਂ ਦੇ ਗੈਰ-ਕਾਨੂੰਨੀ ਧੰਦੇ ਜਾਰੀ ਹਨ। ਉਸ ਨੇ ਪੰਜਾਬ ਨੂੰ ਤਬਾਹੀ ਵੱਲ ਲਿਜਾਣ ਦੀ ਕਸਰ ਨਹੀਂ ਛੱਡੀ। ਪੰਜਾਬ ਨੂੰ ਸਰਹੱਦੀ ਰਾਜਾਂ ਵਾਲੀਆਂ ਸਹੂਲਤਾਂ ਚਾਹੀਦੀਆਂ ਹਨ, ਕਿਉਂਕਿ ਸਰਹੱਦੀ ਸੂਬਾ ਹੋਣ ਕਾਰਨ ਇਹ ਹਰ ਔਕੜ ਭੁਗਤਦਾ ਹੈ। ਖਹਿਰਾ ਨੇ ਕਿਹਾ ਕਿ ਹਰ ਘਰ ਨੌਕਰੀ ਦੇਣ ਦੇ ਵਾਅਦੇ ਕਰ ਚੁੱਕੀ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਵਿੱਚ ਫੇਲ੍ਹ ਹੋਈ ਅਤੇ ਇਸ ਰਾਜ ਵਿਚ ਬੇਰੁਜ਼ਗਾਰੀ ਵਧ ਗਈ, ਪਰ ਸਰਕਾਰ ਨੇ ਖਾਲੀ ਪੋਸਟਾਂ ਵੀ ਨਹੀਂ ਭਰੀਆਂ।

ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਸਿਆਸਤ ਤੇ ਪਰਿਵਾਰ ਦੇ ਫਾਇਦੇ ਲਈ ਬੇਅਦਬੀ ਕਰਾਈ ਸੀ, ਪਰ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਤੋਂ ਡਰਦੇ ਕੈਪਟਨ ਅਮਰਿੰਦਰ ਸਿੰਘ ਜਾਣਬੁੱਝ ਕੇ ਭਾਜਪਾ ਦੇ ਦਬਾਅ ਹੇਠ ਕੋਈ ਕਾਰਵਾਈ ਨਹੀਂ ਕਰ ਰਹੇ, ਕਿਉਂਕਿ ਉਨ੍ਹਾਂ ਦੇ ਪਰਿਵਾਰ ਦਾ ਅਰਬਾਂ ਰੁਪਿਆ ਵਿਦੇਸ਼ੀ ਬੈਂਕਾਂ ਵਿੱਚ ਪਿਆ ਹੈ। ਖਹਿਰਾ ਨੇ ਕਿਹਾ ਕਿ ਸੋਲਾਂ ਲੱਖ ਕਰੋੜ ਰੁਪਏ ਰਾਜਸਥਾਨ ਨੇ ਪੰਜਾਬ ਦੇ ਪਾਣੀਆਂ ਦੇ ਦੇਣੇ ਹਨ, ਪਰ ਪੰਜਾਬ ਸਰਕਾਰ ਉਸ ਰਾਜ ਨੂੰ ਬਿੱਲ ਵੀ ਨਹੀਂ ਭੇਜਦੀ, ਨਾ ਦਿੱਲੀ ਨੂੰ ਬਿੱਲ ਭੇਜਿਆ ਹੈ ਤੇ ਦੋਵਾਂ ਪਾਸੇ ਮੁਫਤ ਪਾਣੀ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਵੀਂ ਪਾਰਟੀ ਬਹਿਬਲ ਕਲਾਂ ਕਾਂਡ ਦੇ ਦੋਸ਼ੀਆਂ ਨੂੰ ਅੰਦਰ ਕਰਾਏਗੀ ਤੇ ਬੇਅਦਬੀ ਕਾਂਡਾਂ ਵਿਚ ਜਿਨ੍ਹਾਂ ਦਾ ਹੱਥ ਹੈ, ਉਨ੍ਹਾਂ ਨੂੰ ਨੰਗਾ ਕਰੇਗੀ। ਖਹਿਰਾ ਨੇ ਪੰਜਾਬ ਵਿੱਚ ਅਫੀਮ ਦੀ ਖੇਤੀ ਕਰਨ ਨੂੰ ਸਹੀ ਦੱਸ ਕੇ ਕਿਹਾ ਕਿ ਉਹ ਪੰਜਾਬ ਵਿਚ ਨਸ਼ਿਆਂ ਦੀ ਆਰਗੈਨਿਕ ਖੇਤੀ ਦੇ ਪੱਖ ਵਿੱਚ ਹਨ।

ਵਰਨਣ ਯੋਗ ਹੈ ਕਿ ਸੁਖਪਾਲ ਸਿੰਘ ਖਹਿਰਾ ਵੱਲੋਂ ਨਵੀਂ ਪਾਰਟੀ ਦੇ ਐਲਾਨ ਮੌਕੇ ਡਾਕਟਰ ਧਰਮਵੀਰ ਗਾਂਧੀ ਵੀ ਪਹੁੰਚੇ ਸਨ। ਪਾਰਟੀ ਆਗੂ ਦੀਪਕ ਬੰਸਲ ਨੇ ਪੰਜਾਬ ਏਕਤਾ ਪਾਰਟੀ ਦੀ ਪ੍ਰਧਾਨਗੀ ਲਈ ਸੁਖਪਾਲ ਸਿੰਘ ਖਹਿਰਾ ਦੇ ਨਾਂ ਦਾ ਐਲਾਨ ਕੀਤਾ। ਆਮ ਆਦਮੀ ਪਾਰਟੀ ਦੇ ਬਾਗ਼ੀ ਵਿਧਾਇਕਾਂ ਨੇ ਕਿਹਾ ਕਿ ਉਹ ਸੁਖਪਾਲ ਸਿੰਘ ਖਹਿਰਾ ਦੀ ਪਾਰਟੀ ਵਿਚ ਸ਼ਾਮਲ ਨਹੀਂ ਹੋਏ, ਸਿਰਫ ਉਸ ਦਾ ਪ੍ਰੋਗਰਾਮ ਦੇਖਣ ਤੇ ਖਹਿਰਾ ਨੂੰ ਵਧਾਈ ਦੇਣ ਆਏ ਹਨ।

# ਸੀ ਬੀ ਆਈ ਮਾਮਲੇ ਵਿੱਚ ਮੋਦੀ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ

## * ਆਲੋਕ ਵਰਮਾ ਜਾਂਚ ਏਜੰਸੀ ਦੇ ਡਾਇਰੈਕਟਰ ਬਣੇ ਰਹਿਣਗੇ



ਨਵੀਂ ਦਿੱਲੀ, 8 ਜਨਵਰੀ, (ਪੋਸਟ ਬਿਊਰੋ)- ਸੀ ਬੀ ਆਈ ਦੇ ਸਿਖਰਲੇ ਦੋ ਅਫਸਰਾਂ ਦੀ ਆਪਸੀ ਖਿੱਚੋਤਾਣ ਦੇ ਬਹਾਨੇ ਇਸ ਵਿੱਚ ਸਰਕਾਰ ਦੇ ਦਖਲ ਦੇਣ ਵਾਲੇ ਕੇਸ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਨਾਲ ਏਜੰਸੀ ਦੇ ਡਾਇਰੈਕਟਰ ਆਲੋਕ ਵਰਮਾ ਨੂੰ ਅਹੁਦੇ ਉੱਤੇ ਬਹਾਲ ਕਰਨ ਨਾਲ ਮੋਦੀ ਸਰਕਾਰ ਨੂੰ ਵੱਡਾ ਝਟਕਾ ਲੱਗ ਗਿਆ ਹੈ। ਨਰਿੰਦਰ ਮੋਦੀ ਸਰਕਾਰ ਦੇ ਹੁਕਮਾਂ ਦੇ ਖਿਲਾਫ਼ ਫੈਸਲਾ ਦੇਂਦੇ ਹੋਏ ਜਸਟਿਸ ਸੰਜੇ ਕਿਸ਼ਨ ਕੌਲ ਨੇ ਕਿਹਾ ਕਿ ਜਾਂਚ ਏਜੰਸੀ ਦੇ ਡਾਇਰੈਕਟਰ ਆਲੋਕ ਵਰਮਾ ਨੂੰ ਹਟਾਉਣ ਤੋਂ ਪਹਿਲਾਂ ਸਿਲੈਕਟ ਕਮੇਟੀ ਦੀ ਸਹਿਮਤੀ ਲੈਣੀ ਚਾਹੀਦੀ ਸੀ। ਉਨ੍ਹਾਂ ਨੇ ਕੇਂਦਰ ਸਰਕਾਰ ਦਾ ਫੈਸਲਾ ਪਲਟਦੇ ਹੋਏ ਆਲੋਕ ਵਰਮਾ ਨੂੰ ਛੁੱਟੀ ਉੱਤੇ ਭੇਜਣ ਦਾ ਹੁਕਮ ਰੱਦ ਕਰ ਦਿੱਤਾ ਹੈ। ਇਸ ਨਾਲ ਆਲੋਕ ਵਰਮਾ ਸੀ ਬੀ ਆਈ ਦੇ ਡਾਇਰੈਕਟਰ ਬਣੇ ਰਹਿਣਗੇ।

ਉਂਝ ਇਸ ਫੈਸਲੇ ਵਿੱਚ ਕੋਰਟ ਨੇ ਇਹ ਵੀ ਕਿਹਾ ਕਿ ਆਲੋਕ ਵਰਮਾ ਹਾਲੇ ਕੋਈ ਨੀਤੀਗਤ ਫੈਸਲੇ ਨਹੀਂ ਲੈਣਗੇ ਸਿਰਫ਼ ਸੀ ਬੀ ਆਈ ਦਾ ਰੋਜ਼ਾਨਾ ਕੰਮ ਦੇਖਣਗੇ। ਕੋਰਟ ਨੇ ਕਿਹਾ ਕਿ ਆਲੋਕ ਵਰਮਾ ਉੱਤੇ ਲੱਗ ਰਹੇ ਦੋਸ਼ਾਂ ਬਾਰੇ ਹਾਈ ਪਾਵਰ ਕਮੇਟੀ ਇਕ ਹਫਤੇ ਵਿੱਚ ਫ਼ੈਸਲਾ ਕਰੇਗੀ। ਸੁਪਰੀਮ ਕੋਰਟ ਨੇ ਕਿਹਾ ਕਿ ਸਰਕਾਰ ਨੂੰ ਕਾਨੂੰਨ ਹੇਠ ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਨੂੰ ਛੁੱਟੀ ਭੇਜਣ ਦਾ ਅਧਿਕਾਰ ਨਹੀਂ, ਇਹ ਅਧਿਕਾਰ ਸਿਲੈਕਟ ਕਮੇਟੀ ਕੋਲ ਹੈ। ਕੋਰਟ ਨੇ ਕਿਹਾ ਕਿ ਹਾਈ ਪਾਵਰ ਸਿਲੈਕਟ ਕਮੇਟੀ ਵਿੱਚ ਪ੍ਰਧਾਨ ਮੰਤਰੀ, ਸੁਪਰੀਮ ਕੋਰਟ ਦੇ ਚੀਫ ਜਸਟਿਸ ਤੇ ਲੋਕ ਸਭਾ ਦੀ ਵਿਰੋਧੀ ਧਿਰ ਦੇ ਨੇਤਾ ਹੋਣਗੇ ਤੇ ਇਹ ਕਮੇਟੀ ਇਕ ਹਫਤੇ ਵਿੱਚ ਇਸ ਬਾਰੇ ਫੈਸਲਾ ਕਰੇਗੀ, ਓਦੋਂ ਤੱਕ ਆਲੋਕ ਵਰਮਾ ਕੋਈ ਨੀਤੀਗਤ ਫੈਸਲਾ ਨਹੀਂ ਕਰਨਗੇ। ਕੋਰਟ ਨੇ ਇਹ ਵੀ ਕਿਹਾ ਕਿ ਅੱਗੇ ਤੋਂ ਇਸ ਤਰ੍ਹਾਂ ਦੇ ਵੱਡੇ ਕੇਸਾਂ ਵਿੱਚ ਉੱਚ ਪੱਧਰੀ ਕਮੇਟੀ ਹੀ ਫੈਸਲਾ ਕਰਿਆ ਕਰੇਗੀ।

ਵਰਨਣ ਯੋਗ ਹੈ ਕਿ ਸੀ ਬੀ ਆਈ ਦੇ ਡਾਇਰੈਕਟਰ ਆਲੋਕ ਵਰਮਾ ਅਤੇ ਸਾਬਕਾ ਸਪੈਸ਼ਲ ਡਾਇਰੈਕਟਰ ਰਾਕੇਸ਼ ਅਸਥਾਨਾ ਦੇ ਵਿਵਾਦ ਕਾਰਨ ਉਨ੍ਹਾਂ ਦੀਆਂ ਪਾਵਰਾਂ ਖੋਹ ਕੇ ਛੁੱਟੀ ਭੇਜ ਦੇਣ ਦੇ ਖਿਲਾਫ਼ ਇੱਕ ਅਰਜ਼ੀ ਦਾਇਰ ਕੀਤੀ ਗਈ ਸੀ। ਅਸਥਾਨਾ ਤੇ ਵਰਮਾ ਵਿਚਾਲੇ ਕੁਰੱਪਸ਼ਨ ਦੇ ਮੁੱਦੇ ਤੋਂ ਖਿੱਚੋਤਾਣ ਦੇ ਜੱਗ ਜ਼ਾਹਰ ਹੋਣ ਪਿੱਛੋਂ ਮੋਦੀ ਸਰਕਾਰ ਨੇ ਦੋਵਾਂ ਨੂੰ ਛੁੱਟੀ ਭੇਜ ਦਿੱਤਾ ਸੀ। ਜਦੋਂ ਦੋਵਾਂ ਨੇ ਇਕ ਦੂਜੇ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਤਾਂ ਸਰਕਾਰ ਨੇ ਇਸ ਜਾਂਚ ਏਜੰਸੀ ਦੇ ਜੁਆਇੰਟ ਡਾਇਰੈਕਟਰ ਐੱਮ ਨਾਗੇਸ਼ਵਰ ਰਾਓ ਨੂੰ ਏਜੰਸੀ ਦੇ ਡਾਇਰੈਕਟਰ ਦਾ ਆਰਜ਼ੀ ਚਾਰਜ ਸੌਂਪ ਦਿੱਤਾ ਸੀ।

ਭਾਰਤ ਦੇ ਚੀਫ ਜਸਟਿਸ ਰੰਜਨ ਗੋਗੋਈ, ਜਸਟਿਸ ਕਿਸ਼ਨ ਕੌਲ ਤੇ ਜਸਟਿਸ ਕੇ ਐੱਮ ਜੋਸਫ ਦੇ ਅਦਾਲਤੀ ਬੈਂਚ ਨੇ ਪਿਛਲੇ ਸਾਲ ਛੇ ਦਸੰਬਰ ਨੂੰ ਇਸ ਬਾਰੇ ਸੁਣਵਾਈ ਦੌਰਾਨ ਕੇਂਦਰ ਸਰਕਾਰ, ਕੇਂਦਰੀ ਵਿਜੀਲੈਂਸ ਕਮਿਸ਼ਨ ਅਤੇ ਹੋਰਨਾਂ ਦੀਆਂ ਦਲੀਲਾਂ ਸੁਣਨ ਪਿੱਛੋਂ ਕਿਹਾ ਸੀ ਕਿ ਇਸ ਦਾ ਫੈਸਲਾ ਬਾਅਦ ਵਿਚ ਸੁਣਾਇਆ ਜਾਵੇਗਾ। ਕੋਰਟ ਨੇ ਗੈਰ ਸਰਕਾਰੀ ਸੰਗਠਨ ਕਾਮਨ ਕਾਜ਼ ਦੀ ਪਟੀਸ਼ਨ ਉੱਤੇ ਵੀ ਸੁਣਵਾਈ ਕੀਤੀ ਸੀ, ਜਿਸ ਨੇ ਅਦਾਲਤ ਦੀ ਨਿਗਰਾਨੀ ਵਿੱਚ ਵਿਸ਼ੇਸ਼ ਜਾਂਚ ਟੀਮ ਨੂੰ ਰਾਕੇਸ਼ ਅਸਥਾਨਾ ਸਮੇਤ ਸਾਰੇ ਅਫਸਰਾਂ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਲਈ ਅਪੀਲ ਕੀਤੀ ਸੀ। ਕੋਰਟ ਨੇ ਜਾਂਚ ਏਜੰਸੀ ਦਾ ਅਕਸ ਬਣਾਈ ਰੱਖਣ ਲਈ ਕੇਂਦਰੀ ਵਿਜੀਲੈਂਸ ਕਮਿਸ਼ਨ ਨੂੰ ਕੈਬਨਿਟ ਸਕੱਤਰ ਵੱਲੋਂ ਆਏ ਪੱਤਰ ਵਿੱਚ ਲੱਗੇ ਦੋਸ਼ਾਂ ਦੀ ਜਾਂਚ ਦੋ ਹਫਤੇ ਵਿੱਚ ਪੂਰੀ ਕਰ ਕੇ ਸੀਲਬੰਦ ਲਿਫਾਫੇ 'ਚ ਰਿਪੋਰਟ ਦੇਣ ਨੂੰ ਕਿਹਾ ਅਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਏ ਕੇ ਪਟਨਾਇਕ ਨੂੰ ਇਸ ਦੀ ਨਿਗਰਾਨੀ ਦਾ ਜ਼ਿੰਮਾ ਸੌਂਪ ਦਿੱਤਾ ਸੀ।

ਇਸ ਵਿਵਾਦ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਉੱਤੇ ਕਾਂਗਰਸੀ ਨੇਤਾ ਮਲਿਕਾਰ-ਜੁਨ ਖੜਗੇ ਨੇ ਕਿਹਾ ਕਿ ਕੋਰਟ ਨੇ ਸਰਕਾਰ ਨੂੰ ਸਬਕ ਸਿਖਾਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਆਲੋਕ ਵਰਮਾ ਕੋਲ ਰਾਫੇਲ ਜਹਾਜ਼ ਸੌਦੇ ਦੀ ਫਾਈਲ ਆਉਣ ਵਾਲੀ ਸੀ, ਓਦੋਂ ਸਰਕਾਰ ਨੇ ਕਾਹਲੀ ਵਿੱਚ ਉਨ੍ਹਾਂ ਨੂੰ ਹਟਾਉਣ ਦਾ ਫੈਸਲਾ ਕੀਤਾ ਸੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਫੈਸਲੇ ਪਿੱਛੋਂ ਕਿਹਾ ਕਿ ਮੋਦੀ ਸਰਕਾਰ ਨੇ ਦੇਸ਼ ਦੀਆਂ ਸਭ ਸੰਸਥਾਵਾਂ ਨੂੰ ਬਰਬਾਦ ਕਰ ਦਿੱਤਾ ਹੈ।

# ਅਦਾਲਤ ਨੇ ਪੱਤਰਕਾਰ ਕਤਲ ਕੇਸ ਵਿੱਚ ਰਾਮ ਰਹੀਮ ਦੀ ਪੇਸ਼ੀ ਦੇ ਢੰਗ ਦਾ ਫੈਸਲਾ ਕੀਤਾ



ਪੰਚਕੂਲਾ, 8 ਜਨਵਰੀ, (ਪੋਸਟ ਬਿਊਰੋ)- ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਕੇਸ ਵਿੱਚ ਗੁਰਮੀਤ ਰਾਮ ਰਹੀਮ ਸਿੰਘ ਨੂੰ ਪੰਚਕੂਲਾ ਅਦਾਲਤ ਵਿੱਚ 11 ਜਨਵਰੀ ਨੂੰ ਪੇਸ਼ ਕੀਤਾ ਜਾਵੇਗਾ। ਪੰਚਕੂਲਾ ਵਿੱਚ ਸੀ ਬੀ ਆਈ ਅਦਾਲਤ ਨੇ ਹਰਿਆਣਾ ਸਰਕਾਰ ਵੱਲੋਂ ਦਿੱਤੀ ਅਰਜ਼ੀ, ਜਿਸ ਵਿੱਚ ਡੇਰਾ ਮੁਖੀ ਰਾਮ ਰਹੀਮ ਸਿੰਘ ਨੂੰ ਅਦਾਲਤ 'ਚ ਸਿੱਧਾ ਪੇਸ਼ ਕਰਨ ਦੀ ਥਾਂ ਵੀਡੀਓ ਕਾਨਫ੍ਰੰਸਿੰਗ ਰਾਹੀਂ ਪੇਸ਼ ਕਰਨ ਦੀ ਮੰਗ ਕੀਤੀ ਗਈ ਸੀ, ਦੇ ਬਾਰੇ ਫੈਸਲਾ ਸੁਣਾਇਆ ਹੈ।

ਇਸ ਫੈਸਲੇ ਨਾਲ ਹਰਿਆਣਾ ਸਰਕਾਰ ਨੂੰ ਰਾਹਤ ਮਿਲੀ ਹੈ, ਕਿਉਂਕਿ ਅਦਾਲਤ ਨੇ ਛੱਤਰਪਤੀ ਕਤਲ ਕੇਸ ਵਿੱਚ 11 ਜਨਵਰੀ ਨੂੰ ਹੋਣ ਵਾਲੀ ਸੁਣਵਾਈ ਉੱਤੇ ਰਾਮ ਰਹੀਮ ਨੂੰ ਵੀਡੀਓ ਕਾਨਫ੍ਰੰਸਿੰਗ ਰਾਹੀਂ ਪੇਸ਼ ਕਰਨ ਦਾ ਆਦੇਸ਼ ਦਿੱਤਾ ਹੈ। ਇਸ ਤੋਂ ਬਿਨਾ ਦੂਜੇ ਦੋਸ਼ੀਆਂ ਦੀ ਸਿੱਧੀ ਪੇਸ਼ੀ ਹੋਵੇਗੀ। ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਹੈ ਕਿ ਡੇਰਾ ਮੁਖੀ ਦੇ ਕੇਸ ਵਿੱਚ ਅਸੀਂ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਸਿੱਧਾ ਕੋਰਟ ਵਿੱਚ ਪੇਸ਼ ਕਰਨ ਦੀ ਥਾਂ ਵੀਡੀਓ ਕਾਨਫ੍ਰੰਸਿੰਗ ਰਾਹੀਂ ਹੁਕਮ ਸੁਣਾਇਆ ਜਾਵੇ, ਤਾਂ ਕਿ ਕਿਸੇ ਤਰ੍ਹਾਂ ਅਮਨ-ਕਾਨੂੰਨ ਦੀ ਸਥਿਤੀ ਖਰਾਬ ਨਾ ਹੋਵੇ, ਅਸੀਂ ਸੁਰੱਖਿਆ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਹਨ।

ਇਸ ਤੋਂ ਪਹਿਲਾਂ 25 ਅਗਸਤ 2017 ਨੂੰ ਡੇਰਾ ਮੁਖੀ ਨੂੰ ਸਾਧਵੀ ਬਲਾਤਕਾਰ ਕੇਸ ਵਿੱਚ ਦੋਸ਼ੀ ਐਲਾਨੇ ਜਾਣ ਤੋਂ ਬਾਅਦ ਪੰਚਕੂਲਾ ਅਤੇ ਸਿਰਸਾ ਵਿੱਚ ਡੇਰਾ ਸਮਰੱਥਕਾਂ ਦੀ ਹਿੰਸਾ ਕਾਰਨ 38 ਲੋਕਾਂ ਦੀ ਮੌਤ ਹੋ ਗਈ ਅਤੇ 250 ਲੋਕ ਜ਼ਖਮੀ ਹੋਏ ਸਨ ਤੇ 300 ਤੋਂ ਵੱਧ ਵਾਹਨਾਂ ਨੂੰ ਅੱਗ ਲਾਈ ਗਈ ਸੀ। ਇਸ ਵਾਰ 11 ਜਨਵਰੀ ਨੂੰ ਓਦੋਂ ਵਾਲੀ ਸਥਿਤੀ ਨਾ ਬਣੇ, ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰੀਆਂ ਕਰ ਚੁੱਕੇ ਹਨ।

11 ਜਨਵਰੀ ਨੂੰ ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਕੇਸ ਵਿੱਚ ਅਦਾਲਤ ਫੈਸਲਾ ਸੁਣਾ ਸਕਦੀ ਹੈ। ਇਸ ਕੇਸ ਵਿੱਚ ਗੁਰਮੀਤ ਰਾਮ ਰਹੀਮ ਦੇ ਨਾਲ ਕਿਸ਼ਨ ਲਾਲ, ਨਿਰਮਲ ਕੁਲਦੀਪ ਵੀ ਦੋਸ਼ੀ ਹਨ, ਜਿਨ੍ਹਾਂ ਉੱਤੇ ਕਤਲ ਕਰਨ ਦੀ ਸਾਜਿਸ਼ ਦਾ ਦੋਸ਼ ਹੈ। ਪੱਤਰਕਾਰ ਰਾਮ ਚੰਦਰ ਛੱਤਰਪਤੀ ਕਤਲ ਕੇਸ 2002 ਦਾ ਹੈ। ਬਾਈਕ 'ਤੇ ਸਵਾਰ ਹੋ ਕੇ ਦੋਸ਼ੀ ਕੁਲਦੀਪ ਨੇ ਦਿਨ-ਦਿਹਾੜੇ ਸਿਰਸਾ ਵਿੱਚ ਸੜਕ 'ਤੇ ਪੱਤਰਕਾਰ ਰਾਮ ਚੰਦਰ ਛੱਤਰਪਤੀ ਨੂੰ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਮਾਰ ਦਿੱਤੀ ਸੀ। ਕੁਲਦੀਪ ਦੇ ਨਾਲ ਦੋਸ਼ੀ ਨਿਰਮਲ ਵੀ ਸੀ। ਇਸ ਕੇਸ ਬਾਰੇ 2003 ਵਿੱਚ ਸ਼ਿਕਾਇਤ ਦਰਜ ਹੋਈ ਅਤੇ ਸਾਲ 2006 ਵਿੱਚ ਮਾਮਲਾ ਸੀ ਬੀ ਆਈ ਕੋਲ ਚਲਾ ਗਿਆ ਸੀ।

# ਅਯੁੱਧਿਆ ਕੇਸ: ਸੁਣਵਾਈ ਲਈ ਸੁਪਰੀਮ ਕੋਰਟ ਦਾ ਪੰਜ ਮੈਂਬਰੀ ਬੈਂਚ ਬਣਾਇਆ ਗਿਆ

ਨਵੀਂ ਦਿੱਲੀ, 8 ਜਨਵਰੀ, (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਪੰਜ ਮੈਂਬਰਾਂ ਦਾ ਸੰਵਿਧਾਨਕ ਬੈਂਚ ਇਸ 10 ਜਨਵਰੀ ਤੋਂ ਅਯੁੱਧਿਆ ਕੇਸ ਦੀ ਸੁਣਵਾਈ ਸ਼ੁਰੂ ਕਰੇਗਾ। ਇਸ ਅਦਾਲਤੀ ਬੈਂਚ ਵਿਚ ਜਸਟਿਸ ਰੰਜਨ ਗੋਗੋਈ, ਜਸਟਿਸ ਏ ਐਸ ਏ ਬੋਬਡੇ, ਜਸਟਿਸ ਐਨ ਵੀ ਰਮਨ, ਜਸਟਿਸ ਯੂ ਯੂ ਲਲਿਤ ਤੇ ਜਸਟਿਸ ਡੀ ਵਾਈ ਚੰਦਰਚੂੜ ਸ਼ਾਮਲ ਕੀਤੇ ਗਏ ਹਨ। ਇਹ ਸੰਵਿਧਾਨਕ ਬੈਂਚ ਰਾਮ ਜਨਮ ਭੂਮੀ ਅਤੇ ਬਾਬਰੀ ਮਸਜਿਦ ਦੀ ਮਾਲਕੀ ਦੇ ਹੱਕ ਨਾਲ ਜੁੜੇ ਕੇਸ ਬਾਰੇ 10 ਜਨਵਰੀ ਤੋਂ ਸੁਣਵਾਈ ਕਰੇਗਾ, ਜਿਸ ਦੀ ਉਡੀਕ ਕੀਤੀ ਜਾ ਰਹੀ ਸੀ। ਵਰਨਣ ਯੋਗ ਹੈ ਕਿ ਇਲਾਹਾਬਾਦ ਹਾਈ ਕੋਰਟ ਨੇ ਅਪਣੇ ਫ਼ੈਸਲੇ ਵਿਚ 2.77 ਏਕੜ ਦੀ ਜ਼ਮੀਨ ਨੂੰ ਤਿੰਨ ਧਿਰਾਂ ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮਲੱਲਾ ਵਿਚ ਵੰਡਣ ਦਾ ਹੁਕਮ ਸੁਣਾਇਆ ਸੀ। ਸੁਪਰੀਮ ਕੋਰਟ ਨੇ 29 ਅਕਤੂਬਰ 2018 ਨੂੰ ਕੇਸ ਦੀ ਸੁਣਵਾਈ ਜਨਵਰੀ 2019 ਦੇ ਪਹਿਲੇ ਹਫਤੇ ਕਰਨੀ ਮਿਥੀ ਸੀ। ਇਕ ਅਰਜ਼ੀ ਵਿਚ ਕੇਸ ਦੀ ਤੁਰਤ ਸੁਣਵਾਈ ਦੀ ਅਪੀਲ ਕੀਤੀ ਗਈ ਤਾਂ ਸੁਪਰੀਮ ਕੋਰਟ ਨੇ ਅਰਜ਼ੀ ਰੱਦ ਕਰ ਕੇ ਕਿਹਾ ਸੀ ਕਿ ਸੁਣਵਾਈ ਲਈ 29 ਅਕਤੂਬਰ ਨੂੰ ਹੁਕਮ ਜਾਰੀ ਹੋ ਚੁੱਕਾ ਹੈ। ਤੁਰਤ ਸੁਣਵਾਈ ਵਾਸਤੇ ਇਹ ਅਰਜ਼ੀ ਅਖਿਲ ਭਾਰਤੀ ਹਿੰਦੂ ਮਹਾਸਭਾ ਨੇ ਦਿਤੀ ਸੀ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਬੈਂਚ ਨੇ 27 ਸਤੰਬਰ 2018 ਨੂੰ 2:1 ਨਾਲ ਦਿਤੇ ਫ਼ੈਸਲੇ ਵਿਚ 1994 ਦੇ ਅਪਣੇ ਫ਼ੈਸਲੇ ਉੱਤੇ ਮੁੜ ਵਿਚਾਰ ਲਈ ਪੰਜ ਮੈਂਬਰੀ ਬੈਂਚ ਬਣਾਉਣ ਤੋਂ ਇਨਕਾਰ ਕਰ ਦਿਤਾ ਸੀ। ਸਾਲ 1994 ਦੇ ਉਸ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਮਸਜਿਦ ਇਸਲਾਮ ਦਾ ਲੋੜੀਂਦਾ ਹਿੱਸਾ ਨਹੀਂ। ਅਯੁੱਧਿਆ ਕੇਸ ਦੀ ਸੁਣਵਾਈ ਦੌਰਾਨ ਵੀ ਇਹ ਮੁੱਦਾ ਉੱਠਿਆ ਸੀ। ਕੇਂਦਰੀ ਮੰਤਰੀ ਪ੍ਰਕਾਸ਼ ਜਾਵੇਡਕਰ ਨੇ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਦੀ ਮੰਗ ਕੀਤੀ ਤੇ ਕਿਹਾ ਸੀ ਕਿ ਸਰਕਾਰ ਚਾਹੁੰਦੀ ਹੈ ਕਿ ਇਸ ਮਸਲੇ 'ਤੇ ਅਦਾਲਤ ਰੋਜ਼ਾਨਾ ਸੁਣਵਾਈ ਕਰੇ ਤਾਂ ਕਿ ਇਸ ਮਸਲੇ ਦਾ ਹੱਲ ਕੱਢਿਆ ਜਾ ਸਕੇ, ਪਰ ਅਦਾਲਤ ਨਹੀਂ ਸੀ ਮੰਨੀ।

# ਵਿਜੀਲੈਂਸ ਵੱਲੋਂ ਨਗਰਨਿਗਮ ਦਾ ਇੰਸਪੈਕਟਰ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਨਗਰਨਿਗਮ ਲੁਧਿਆਣਾ ਵਿਖੇ ਤਾਇਨਾਤ ਇਮਾਰਤ ਇੰਸਪੈਕਟਰ ਕਿਰਨਦੀਪ ਸਿੰਘ ਨੂੰ 15,000 ਰੁਪਏ ਦੀ ਰਿਸ਼ਵਤ ਲੈਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਇੰਸਪੈਕਟਰ ਕਿਰਨਦੀਪ ਸਿੰਘ ਨੂੰ ਸ਼ਿਕਾਇਕਕਰਤਾ ਰਾਕੇਸ਼ ਕੁਮਾਰ ਵਾਸੀ ਕ੍ਰਿਪਾਲ ਨਗਰ, ਲੁਧਿਆਣਾ ਦੀ ਸ਼ਿਕਾਇਤ 'ਤੇ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਨੂੰ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਉਕਤ ਇੰਸਪੈਕਟਰ ਉਸ ਵਲੋਂ ਉਸਾਰੇ ਜਾ ਰਹੇ ਨਵੇਂ ਮਕਾਨ ਦਾ ਚਲਾਨ ਨਾ ਕੱਟਣ ਬਦਲੇ 15,000 ਰੁਪਏ ਦੀ ਰਿਸ਼ਵਤ ਮੰਗ ਰਿਹਾ ਹੈ। ਵਿਜੀਲੈਂਸ ਦੀ ਆਰਥਿਕ ਅਪਰਾਧ ਸ਼ਾਖਾ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਬਿਲਡਿੰਗ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 15,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ ਅਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਉਕਤ ਦੋਸ਼ੀ ਵਿਰੁੱਧ ਲੁਧਿਆਣਾ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।


**Paramjit Deol** Broker
**CELL: 416-993-7378**
7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000 — 2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

HALTON HILLS $179,000 — 148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਉਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $199,000 — 545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ਼ਵਰਮਾ ਹਾਉਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੋ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900 — 255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ

BRAMPTON $199,000 — 8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੋਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $229,000 — 2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੋਂ, ਅੱਜ ਹੀ ਕਾਲ ਕਰੋ।

BRAMPTON $240,000 — 15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੋਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜ਼ੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000 — 118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

WOODSTOCK $599,900 — 703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900 — 3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੁਡ ਫਲੋਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000 — 29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000 — 384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੁਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000 — Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $910,000 — 18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੁਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999 — Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੁਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



"Quality is our strength."

SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Daljit Singh President
Inderjit Singh
308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878 www.skydomeauto.ca







ਬਾਬਾ ਫਤਹਿ ਸਿੰਘ ਕਬੱਡੀ ਕਲੱਬ ਵਲੋਂ ਦਸੰਬਰ ਮਹੀਨੇ ਦੀਆਂ ਛੁੱਟੀਆਂ ਦੌਰਾਨ ਇਕ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਐਮਪੀਪੀ ਰੂਬੀ ਸਹੋਤਾ, ਰੀਜਨਲ ਕੌਂਸਲਰ ਗੁਰਪ੍ਰੀਤ ਢਿੱਲੋਂ, ਕੌਂਸਲਰ ਹਰਕੀਰਤ ਸਿੰਘ, ਭਾਰ ਚੁੱਕਣ ਦੀ ਦੁਨੀਆ ਵਿਚ ਵਿਸ਼ਵ ਵਿਜੇਤਾ ਹਰਨੇਕ ਸਿੰਘ ਰਾਏ ਅਤੇ ਹੋਰ ਚੁਣੇ ਹੋਏ ਨੁਮਾਇੰਦਿਆਂ ਨੇ ਹਾਜ਼ਰੀ ਭਰੀ। ਪਾਰਟੀ ਦੌਰਾਨ ਖੇਡਾਂ ਨੂੰ ਬੜ੍ਹਾਵਾ ਦੇਣ ਤੇ ਨਸ਼ਿਆਂ ਤੋਂ ਹੋਣ ਵਾਲੇ ਨੁਕਸਾਨ ਪ੍ਰਤੀ ਜਾਗਰੂਕ ਕੀਤਾ ਗਿਆ। ਕਲੱਬ ਦੇ ਮੁੱਖ ਸੇਵਾਦਾਰ ਗੁਰਮੀਤ ਸਿੰਘ ਕਾਟੋ ਨੇ ਸਭ ਨੂੰ ਜੀ ਆਇਆਂ ਆਖਿਆ।

## ਫ਼ੈਡਰਲ ਟੈਕਸ 'ਚ ਕੀਤੀਆਂ ਗਈਆਂ ਤਬਦੀਲੀਆਂ ਮਿਡਲ ਕਲਾਸ ਅਤੇ ਹੋਰਾਂ ਲਈ ਕਾਰਗਰ ਸਾਬਤ ਹੋਣਗੀਆਂ : ਰੂਬੀ ਸਹੋਤਾ

ਬਰੈਂਪਟਨ, 8 ਜਨਵਰੀ (ਪੋਸਟ ਬਿਊਰੋ): ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ ਨੇ ਨਵੇਂ ਸਾਲ 2019 ਵਿਚ ਲਾਗੂ ਹੋਏ ਫ਼ੈੱਡਰਲ ਟੈਕਸ ਵਿਚ ਕੀਤੀਆਂ ਗਈਆਂ ਤਬਦੀਲੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਇਹ ਟੈਕਸ ਤਬਦੀਲੀਆਂ ਮਿਡਲ ਕਲਾਸ ਅਤੇ ਹੋਰ ਜੋ ਇਸ ਸ਼੍ਰੇਣੀ ਵਿਚ ਸ਼ਾਮਲ ਹੋਣ ਲਈ ਸੰਘਰਸ਼ ਕਰ ਰਹੇ ਹਨ, ਲਈ ਕਾਰਗਰ ਸਾਬਤ ਹੋਣਗੀਆਂ। ਇਹ ਟੈਕਸ ਤਬਦੀਲੀਆਂ ਹੇਠ ਲਿਖੇ ਅਨੁਸਾਰ ਹਨ:

- ਛੋਟੇ ਕਾਰੋਬਾਰੀ ਟੈਕਸ ਨੂੰ 10% ਤੋਂ ਘਟਾ ਕੇ 9% ਕਰ ਦਿੱਤਾ ਗਿਆ ਹੈ ਜਿਸ ਨਾਲ ਇਨ੍ਹਾਂ ਕਾਰੋਬਾਰਾਂ ਨੂੰ ਸਾਲ ਵਿਚ 7500 ਡਾਲਰ ਤੱਕ ਬੱਚਤ ਹੋਵੇਗੀ। ਜਦੋਂ ਸਾਡੀ ਸਰਕਾਰ ਬਣੀ ਸੀ ਤਾਂ ਉਸ ਸਮੇਂ ਇਹ ਟੈਕਸ 11.5% ਸੀ ਅਤੇ ਹੁਣ ਇਹ ਦੁਨੀਆਂ ਦੇ ਸਾਰੇ ਦੇਸ਼ਾਂ ਤੋਂ ਘੱਟ ਹੈ। ਛੋਟੇ ਕਾਰੋਬਾਰ ਕੈਨੇਡਾ ਦੇ ਕਾਰੋਬਾਰਾਂ ਦਾ 98% ਬਣਦੇ ਹਨ ਅਤੇ ਇਹ 8 ਮਿਲੀਅਨ ਕੈਨੇਡਾ-ਵਾਸੀਆਂ ਨੂੰ ਰੋਜ਼ਗਾਰ ਮੁਹੱਈਆ ਕਰ ਰਹੇ ਹਨ।
- 3500 ਤੋਂ 57,400 ਡਾਲਰ ਦੀ ਆਮਦਨ ਵਾਲਿਆਂ ਲਈ ਕੈਨੇਡਾ ਪੈਂਨਸ਼ਨ ਪਲੈਨ ਦੇ ਮੌਜੂਦਾ 4.95% ਪ੍ਰੀਮੀਅਮ ਨੂੰ ਵਧਾ ਕੇ 5.1% ਕੀਤਾ ਗਿਆ ਹੈ। ਇਸ ਵਾਧੇ ਨਾਲ 40 ਸਾਲ ਤੱਕ ਨੌਕਰੀ ਕਰਨ ਵਾਲੇ ਵੱਧ ਤੋਂ ਵੱਧ ਸੀ.ਪੀ.ਪੀ. ਰਿਟਾਇਰਮੈਂਟ ਬੈਨੀਫ਼ਿਟ ਲੈਣ ਵਾਲਿਆਂ ਨੂੰ ਲੱਗਭੱਗ 50% ਲਾਭ ਹੋਵੇਗਾ।
- ਇਸ਼ੋਅਰੇਬਲ ਅਰਨਿੰਗਜ਼ ਦੇ ਪ੍ਰਤੀ 100 ਡਾਲਰ ਉੱਪਰ ਐਂਪਲਾਇਮੈਂਟ ਇਨਸ਼ੋਅਰੈਂਸ ਪ੍ਰੀਮੀਅਮ 1.66 ਡਾਲਰ ਤੋਂ ਘਟਾ ਕੇ 1.61 ਡਾਲਰ ਕਰ ਦਿੱਤੇ ਗਏ ਹਨ।
- ਘੱਟ ਆਮਦਨ ਵਾਲੇ ਕਾਮਿਆਂ ਲਈ ਕੈਨੇਡਾ ਵਰਕਰਜ਼ ਬੈਨੀਫ਼ਿਟ ਵਿਚ ਵਾਧਾ ਕੀਤਾ ਗਿਆ ਹੈ ਜਿਸ ਨਾਲ ਉਨ੍ਹਾਂ ਕਾਮਿਆਂ ਨੂੰ ਲਾਭ ਹੋਵੇਗਾ। ਮਾਹਿਰਾਂ ਦਾ ਕਹਿਣਾ ਹੈ ਕਿ ਅੱਧੇ ਤੋਂ ਵਧੇਰੇ ਕੈਨੇਡਾ-ਵਾਸੀ ਘੱਟ ਆਮਦਨ ਵਾਲੇ ਹਨ ਅਤੇ ਉਹ ਗ਼ਰੀਬੀ-ਰੇਖ਼ਾ ਤੋਂ ਹੇਠਾਂ ਜੀਵਨ ਬਤੀਤ ਕਰ ਰਹੇ ਹਨ।
- ਕੈਨੇਡਾ ਦੇ ਅਰਥਚਾਰੇ ਵਿਚ ਵਾਧਾ ਕਰਨ ਹਿਤ ਵਾਤਾਵਰਣ ਨੂੰ ਬਚਾਉਣ ਲਈ 'ਕਾਰਬਨ ਪ੍ਰਾਈਸਿੰਗ ਸਿਸਟਮ' ਸ਼ੁਰੂ ਕੀਤਾ ਗਿਆ ਹੈ । ਓਨਟਾਰੀਓ ਵਿਚ ਜਿਹੜਾ ਵਿਅੱਕਤੀ ਇਸ ਦੇ ਲਈ ਲੱਗਭੱਗ 244 ਡਾਲਰ ਸਲਾਨਾ ਦੀ ਅਦਾਇਗੀ ਕਰੇਗਾ ਅਤੇ ਇਸ ਦੇ ਬਦਲੇ 'ਕਲਾਈਮੇਟ ਐੱਕਸ਼ਨ ਇਨਸੈਂਟਿਵ' ਵਜੋਂ ਉਸ ਨੂੰ 300 ਡਾਲਰ ਵਾਪਸ ਦਿੱਤੇ ਜਾਣਗੇ ਜਿਸ ਨਾਲ ਉਸ ਨੂੰ 56 ਡਾਲਰ ਦਾ ਫ਼ਾਇਦਾ ਹੋਵੇਗਾ। ਅਸੀਂ ਬੜੀਆਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਹ ਸਿਸਟਮ ਤਿਆਰ ਕੀਤਾ ਹੈ ਜਿਸ ਨਾਲ ਕਾਰਬਨ ਪਲਿਊਸ਼ਨ ਦੀ ਕੀਮਤ ਚੁਕਾਣੀ ਪਵੇਗੀ ਤਾਂ ਕਿ ਅਸੀਂ ਵਾਤਾਵਰਣ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਸਾਹਮਣਾ ਕਰ ਸਕੀਏ ਅਤੇ ਇਸ ਵਾਤਾਵਰਣ ਨੂੰ ਆਪਣੇ ਬੱਚਿਆਂ ਅਤੇ ਅੱਗੋਂ ਉਨ੍ਹਾਂ ਦੇ ਬੱਚਿਆਂ ਲਈ ਸੁਰੱਖ਼ਿਅਤ ਰੱਖ ਸਕੀਏ।
- ਟੈਕਸ ਫ਼ਰੀ 'ਕੈਨੇਡਾ ਚਾਈਲਡ ਬੈਨੀਫ਼ਿਟ' ਨੂੰ ਵੱਧ ਰਹੀ ਮਹਿੰਗਾਈ ਦਰ ਨਾਲ ਜੋੜਿਆ ਗਿਆ ਹੈ ਤਾਂ ਜੋ ਇਹ ਲਾਭ ਕੈਨੇਡਾ ਵਿਚ ਰਹਿਣ-ਸਹਿਣ ਦੇ ਮਿਆਰਾਂ ਨਾਲ ਮੇਲ਼ ਖਾ ਸਕਣ ਅਤੇ 300,000 ਬੱਚਿਆਂ ਨੂੰ ਗ਼ਰੀਬੀ ਵਿੱਚੋਂ ਕੱਢ ਕੇ ਮਿਡਲ ਕਲਾਸ ਪਰਿਵਾਰਾਂ ਦੇ ਮਾਪੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਉਜਲਾ ਬਣਾ ਸਕਣ। ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਰੂਬੀ ਸਹੋਤਾ ਨੇ ਕਿਹਾ,"ਪਿਛਲੀਆਂ ਚੋਣਾਂ ਵਿਚ ਜਿੱਤਣ ਤੋਂ ਬਾਅਦ ਅਸੀਂ ਪਹਿਲਾ

ਕਦਮ ਚੁੱਕਦਿਆਂ ਹੋਇਆਂ 9 ਮਿਲੀਅਨ ਮਿਡਲ ਕਲਾਸ ਕੈਨੇਡਾ-ਵਾਸੀਆਂ ਨੂੰ ਰਾਹਤ ਪਹੁੰਚਾਉਣ ਲਈ ਟੈਕਸ ਘਟਾਉਣ ਦਾ ਕੰਮ ਕੀਤਾ। ਹੁਣ ਫ਼ੈੱਡਰਲ ਟੈਕਸ ਦੀਆਂ ਇਹ ਤਬਦੀਲੀਆਂ ਲਿਬਰਲ ਸਰਕਾਰ ਦੀ ਕੈਨੇਡੀਅਨ ਕਾਰੋਬਾਰੀਆਂ, ਮਿਡਲ ਕਲਾਸ ਅਤੇ ਇਸ ਵਿਚ ਸ਼ਾਮਲ ਹੋਣ ਦੇ ਚਾਹਵਾਨਾਂ ਲਈ ਲਗਾਤਾਰ ਸਹਾਇਤਾ ਕਰਨ ਦੀ ਵਚਨ-ਬੱਧਤਾ ਦਾ ਇਕ ਹਿੱਸਾ ਹਨ।

## ਸੁਨੀਲ ਛੇਤਰੀ ਨੇ ਅੰਤਰ ਰਾਸ਼ਟਰੀ ਗੋਲਾਂ ਵਿੱਚ ਲਿਓਨ ਮੈਸੀ ਨੂੰ ਵੀ ਪਿੱਛੇ ਛੱਡਿਆ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਸ਼ਾਨਦਾਰ ਸਟ੍ਰਾਈਕਰ ਸੁਨੀਲ ਛੇਤਰੀ ਬੀਤੇ ਦਿਨੀਂ ਏ ਐਫ ਸੀ ਏਸ਼ਿਆਈ ਕੱਪ ਵਿੱਚ ਥਾਈਲੈਂਡ 'ਤੇ ਮਿਲੀ ਜਿੱਤ ਵਿੱਚ ਦੋ ਗੋਲ ਕਰਨ ਨਾਲ ਅਰਜਨਟੀਨਾ ਦੇ ਸੁਪਰ ਸਟਾਰ ਲਿਓਨ ਮੈਸੀ ਨੂੰ ਗੋਲਾਂ ਦੀ ਗਿਣਤੀ ਵਿੱਚ ਪਛਾੜ ਚੁੱਕੇ ਹਨ, ਪਰ ਉਨ੍ਹਾਂ ਲਈ ਇਹ ਰਿਕਾਰਡ ਮਾਅਨੇ ਨਹੀਂ ਰੱਖਦਾ।

ਭਾਵੇਂ ਦੋਵੇਂ ਖਿਡਾਰੀਆਂ ਦਾ ਕੱਦ ਅੰਤਰਰਾਸ਼ਟਰੀ ਪੱਧਰ ਉਤੇ ਵੱਖ ਹੋਵੇ, ਪਰ ਗੋਲ ਕਰਨ ਵਿੱਚ ਭਾਰਤੀ ਖਿਡਾਰੀ ਸੁਨੀਲ ਛੇਤਰੀ ਅੱਗੇ ਹੈ। ਛੇਤਰੀ 105 ਮੈਚਾਂ ਵਿੱਚ 67 ਗੋਲਾਂ ਨਾਲ ਸਰਗਰਮ ਖਿਡਾਰੀਆਂ ਵਿੱਚ ਸਭ ਤੋਂ ਵੱਧ ਗਿਣਤੀ ਵਿੱਚ ਅੰਤਰਰਾਸ਼ਟਰੀ ਗੋਲ ਕਰਨ ਵਾਲੇ ਖਿਡਾਰੀਆਂ ਦੀ ਸੂਚੀ ਵਿੱਚ ਦੂਜੇ ਨੰਬਰ ਉੱਤੇ ਪੁੱਜ ਗਏ ਹਨ ਅਤੇ ਉਨ੍ਹਾਂ ਨੇ ਅਰਜਨਟੀਨਾ ਦੇ ਸੁਪਰ ਸਟਾਰ ਮੈਸੀ ਨੂੰ ਪਿੱਛੇ ਛੱਡਿਆ, ਜਿਨ੍ਹਾਂ ਨੇ 128 ਮੈਚਾਂ ਵਿੱਚ 65 ਗੋਲ ਕੀਤੇ ਹਨ। ਪੁਰਤਗਾਲ ਦੇ ਕਿਰਸਟੀਆਨੋ ਰੋਨਾਲਡੋ ਦੇ 154 ਮੈਚਾਂ ਵਿੱਚ 85 ਗੋਲ ਹਨ ਤੇ ਉਹ ਸਿਖਰ ਉੱਤੇ ਹਨ। ਸੁਨੀਲ ਛੇਤਰੀ ਨੇ ਮੈਚ ਤੋਂ ਬਾਅਦ



ਕਿਹਾ ਕਿ ਰਿਕਾਰਡ ਮਾਅਨੇ ਨਹੀਂ ਰੱਖਦੇ, ਗੋਲ ਕੌਣ ਕਰਦਾ ਹੈ, ਇਹ ਮਾਅਨੇ ਨਹੀਂ ਰੱਖਦਾ। ਜੋ ਵੀ ਗੋਲ ਕਰਦਾ ਹੈ, ਜਸ਼ਨ ਮਨਾਉਣ ਦਾ ਤਰੀਕਾ ਇਕੋ ਹੁੰਦਾ ਹੈ। ਮੈਂ ਖੁਸ਼ ਹਾਂ ਕਿ ਅਸੀਂ ਇਸ ਮੈਚ ਵਿੱਚ ਤਿੰਨ ਪੁਆਇੰਟ ਹਾਸਲ ਕੀਤੇ।

34 ਸਾਲ ਦੇ ਸੁਨੀਲ ਛੇਤਰੀ ਦਾ ਦੂਜਾ ਗੋਲ ਵਿਸ਼ਵ ਪੱਧਰੀ ਸੀ, ਉਨ੍ਹਾਂ ਨੇ ਕਿਹਾ ਕਿ ਦਸ ਸਾਲ ਬਾਅਦ ਵੀ ਮੈਂ ਆਪਣੇ ਇਸ ਗੋਲ ਬਾਰੇ ਸੋਚ ਸਕਦਾ ਹਾਂ। ਉਨ੍ਹਾਂ ਨੇ ਕਿਹਾ ਕਿ ਇਸ ਸਮੇਂ ਸਾਨੂੰ ਸਿਰਫ ਮੈਚਾਂ 'ਤੇ ਧਿਆਨ ਲਾਉਣ ਦੀ ਲੋੜ ਹੈ। ਗੋਲ ਆਉਂਦੇ ਰਹਿਣ, ਇਸ ਦੀ ਲੋੜ ਹੈ, ਇਹ ਮਾਅਨੇ ਨਹੀਂ ਰੱਖਦਾ ਕਿ ਗੋਲ ਕੌਣ ਕਰਦਾ ਹੈ। ਛੇਤਰੀ ਨੇ ਕਿਹਾ ਕਿ ਹਰ ਖਿਡਾਰੀ ਦੌੜਦਾ ਰਿਹਾ ਤੇ ਵਧੀਆ ਡਿਫੈਂਸ ਦਿਖਾਇਆ। ਉਨ੍ਹਾਂ ਨੇ ਅਗਲੇ ਮੁਕਾਬਲਿਆਂ ਬਾਰੇ ਕਿਹਾ ਕਿ ਜਦ ਅਸੀਂ ਸੋਚਣਾ ਸ਼ੁਰੂ ਕੀਤਾ ਕਿ ਇਹ ਔਖਾ ਪੂਲ ਹੈ, ਸਾਨੂੰ ਲੱਗਾ ਕਿ ਸਾਰੀਆਂ ਹੋਰ ਟੀਮਾਂ ਸਾਡੇ ਤੋਂ ਵੱਧ ਤਜਰਬੇਕਾਰ ਤੇ ਬਿਹਤਰ ਹਨ ਪਰ ਜਿਸ ਤਰ੍ਹਾਂ ਖਿਡਾਰੀਆਂ ਨੇ ਪ੍ਰਦਰਸ਼ਨ ਕੀਤਾ, ਬਿਹਤਰੀਨ ਜਜ਼ਬਾ ਦਿਖਾਇਆ ਉਹ ਸ਼ਾਨਦਾਰ ਰਿਹਾ।

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਹਮਬੋਲਟ ਬਰੌਂਕੋਸ ਹਾਦਸਾ: ਜਸਕੀਰਤ ਵੱਲੋਂ ਦੋਸ਼ ਕਬੂਲਣ ਤੋਂ ਮਿਲਦੇ ਸਬਕ

6 ਅਪਰੈਲ 2018 ਨੂੰ ਸੈਸਕੈਚਵਨ ਵਿੱਚ ਹਮਬੋਲਟ ਬਰੌਂਕੋਸ ਜੂਨੀਅਰ ਹਾਕੀ ਟੀਮ ਦੇ 16 ਮੈਂਬਰਾਂ ਦੀ ਮੌਤ ਅਤੇ 13 ਦੇ ਜਖ਼ਮੀ ਹੋਣ ਦੇ ਹਾਦਸੇ ਵਿੱਚ ਸ਼ਾਮਲ ਪੰਜਾਬੀ ਟਰੱਕ ਡਰਾਈਵਰ ਜਸਕੀਰਤ ਸਿੰਘ ਸਿੱਧੂ ਨੇ ਬਿਨਾ ਕਿਸੇ ਕਿਸਮ ਦੀ ਡੀਫੈਂਸ ਪੇਸ਼ ਕੀਤਿਆਂ ਕੱਲ ਆਪਣਾ ਦੋਸ਼ ਕਬੂਲ ਕਰ ਲਿਆ ਹੈ। ਉਸ ਉੱਤੇ ਖਤਰਨਾਕ ਡਰਾਈਵਿੰਗ ਬਦੌਲਤ 16 ਮੌਤਾਂ ਅਤੇ 13 ਵਿਅਕਤੀਆਂ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੇ ਚਾਰਜ ਆਇਦ ਹੋਏ ਸਨ। ਗੈਰਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜਸਕੀਰਤ ਸਿੱਧੂ ਇੱਕ ਅੰਤਰਾਸ਼ਟਰੀ ਵਿੱਦਿਆਰਥੀ ਰਿਹਾ ਹੈ ਅਤੇ ਹਾਦਸਾ ਹੋਣ ਤੋਂ ਮਹੀਨਾ ਕੁ ਪਹਿਲਾਂ ਹੀ ਉਸਨੇ ਆਦੇਸ਼ ਟਰੱਕਿੰਗ ਕੰਪਨੀ ਵਿੱਚ ਨੌਕਰੀ ਆਰੰਭ ਕੀਤੀ ਸੀ।

ਮਨੁੱਖ ਦਾ ਅਜਾਂਈ ਚਲਿਆ ਜਾਣਾ ਇੱਕ ਨਾ ਪੂਰਾ ਹੋਣ ਵਾਲਾ ਨੁਕਸਾਨ ਹੁੰਦਾ ਹੈ ਪਰ ਜਿਸ ਦੇਸ਼ ਦੇ 16 ਹੋਣਹਾਰ ਖਿਡਾਰੀ ਅਤੇ ਖੇਡ ਪ੍ਰਬੰਧਕ ਚਾਣਚੱਕ ਮੌਤ ਦੇ ਮੂੰਹ ਚਲੇ ਜਾਣ, ਉਸ ਨੁਕਸਾਨ ਦੀ ਥਾਹ ਨਹੀਂ ਲਾਈ ਜਾ ਸਕਦੀ। ਇਸ ਹਾਦਸੇ ਨੇ ਸਮੂਹ ਕੈਨੇਡੀਅਨਾਂ ਵਿੱਚ ਅਣਮਿਣਵਾਂ ਦੁਖ ਅਤੇ ਸੋਗ ਪੈਦਾ ਕੀਤਾ। ਐਨਾ ਸੋਗ ਕਿ ਕੈਨੇਡੀਅਨ ਪਰੈੱਸ ਵੱਲੋਂ ਮੀਡੀਆ ਨਿਊਜ਼ ਐਡੀਟਰਾਂ ਦੇ ਸਾਲਾਨਾ ਸਰਵੇਖਣ ਵਿੱਚ ਹਮਬੋਲਟ ਬਰੌਂਕੋਸ ਹਾਦਸੇ ਨੂੰ 2018 ਦੀ ਸੱਭ ਤੋਂ ਵੱਧ ਪ੍ਰਭਾਵ ਪੈਦਾ ਕਰਨ ਵਾਲੀ ਖ਼ਬਰ ਐਲਾਨਿਆ ਗਿਆ। ਇਸ ਹਾਦਸੇ ਨੂੰ 129 ਵਿੱਚੋਂ 53 ਵੋਟਾਂ ਮਿਲੀਆਂ ਜਿਸਨੇ ਭੰਗ ਨੂੰ ਕਨੂੰਨੀ ਬਣਾਉਣ ਦੀ ਪਾਲਸੀ ਪੱਖ ਤੋਂ ਸੱਭ ਤੋਂ ਵੱਡੀ ਖ਼ਬਰ (51 ਵੋਟਾਂ) ਨੂੰ ਵੀ ਪਿੱਛੇ ਛੱਡ ਦਿੱਤਾ ਸੀ। ਇਸ ਹਾਦਸੇ ਜਿੰਨੀ ਕੋਈ ਹੋਰ ਖਬਰ 2018 ਵਿੱਚ ਕੈਨੇਡੀਅਨਾਂ ਦੇ ਦਿਲਾਂ ਦਿਮਾਗਾਂ ਉੱਤੇ ਨਹੀਂ ਛਾਈ।

ਇੱਕ ਪੰਜਾਬੀ ਭਾਸ਼ਾ ਦਾ ਅਖਬਾਰ ਹੋਣ ਨਾਤੇ ਸਾਡੀ ਜਸਕੀਰਤ ਨਾਲ ਹਮਦਰਦੀ ਹੈ ਖਾਸ ਕਰਕੇ ਜਦੋਂ ਸਾਨੂੰ ਪਤਾ ਲੱਗਦਾ ਹੈ ਕਿ ਉਸ ਨੂੰ ਸਹੀ ਟਰੇਨਿੰਗ ਨਹੀਂ ਸੀ ਦਿੱਤੀ ਗਈ, ਹਾਦਸੇ ਵਾਲੇ ਇੰਟਰਸੈਕਸ਼ਨ ਉੱਤੇ ਹਾਦਸਿਆਂ ਦਾ ਆਪਣਾ ਇੱਕ ਇਤਿਹਾ-ਸਕ ਰਿਕਾਰਡ ਰਿਹਾ ਹੈ। ਇੱਕ ਸੁਤੰਤਰ ਏਜੰਸੀ ਵੱਲੋਂ ਹਾਦਸੇ ਦੇ ਕੀਤੇ ਗਏ ਰੀਵਿਊ ਵਿੱਚ ਪਾਇਆ ਗਿਆ ਕਿ ਇਸ ਇੰਟਰਸੈਕਸ਼ਨ ਦੇ ਇੱਕ ਪਾਸੇ ਨਿੱਜੀ ਫਾਰਮ ਵਿੱਚ ਖੜੇ ਰੁੱਖ ਕਾਫੀ ਉਹਲਾ ਪੈਦਾ ਕਰਦੇ ਹਨ ਜਿਸ ਨਾਲ ਹਾਦਸਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਜਸਕੀਰਤ ਸਿੱਧੂ ਵੱਲੋਂ ਦੋਸ਼ ਕਬੂਲਣ ਵੇਲੇ ਅਦਾਲਤ ਵਿੱਚ ਦਿੱਤਾ ਬਿਆਨ ਮਾਅਨੇ ਰੱਖਦਾ ਹੈ ਕਿ "ਮੈਂ ਟਰਾਇਲ ਉੱਤੇ ਜਾ ਕੇ ਦੁਖ ਭਰੇ ਹਾਲਾਤਾਂ ਨੂੰ ਹੋਰ ਬਦਤਰ ਨਹੀਂ ਬਣਾਉਣਾ ਚਾਹੁੰਦਾ"। ਜਸਕੀਰਤ ਦਾ ਇਹ ਕਬੂਲਣਾ ਵੀ ਅਹਿਮ ਗੱਲ ਹੈ ਕਿ ਹਾਦਸੇ ਵਿੱਚ ਮਾਰੇ ਗਏ ਸਮੂਹ ਖਿਡਾਰੀਆਂ ਦੇ ਪਰਿਵਾਰਾਂ ਦੇ ਦੁਖ ਦਾ ਸਾਰਾ ਜੁੰਮਾ ਉਸ ਉੱਤੇ ਹੈ। ਅਜਿਹਾ ਮਹਿਸੂਸ ਕਰਨਾ ਚੰਗਾ ਹੈ ਬਸ਼ਰਤੇ ਇਹ ਦੁਖ ਸਹੀ ਭਾਵਨਾ ਵਿੱਚੋਂ ਉਗਮਿਆ ਹੋਵੇ।

ਇਸਤੋਂ ਉਲਟ ਜੇ ਮੀਡੀਆ ਖਾਸ ਕਰਕੇ 'ਸੀ ਬੀ ਸੀ' ਵਿੱਚ ਉੱਠੀਆਂ ਖਬਰਾਂ ਦਾ ਯਕੀਨ ਕੀਤਾ ਜਾਵੇ ਤਾਂ ਜਿਸ 'ਆਦੇਸ਼ ਟਰੱਕਿੰਗ ਕੰਪਨੀ' ਵਿੱਚ ਜਸਕੀਰਤ ਨੌਕਰੀਸ਼ੁਦਾ ਸੀ, ਉਸਦੇ ਮਾਲਕ ਸੁਖਮੰਦਰ ਸਿੰਘ ਨੇ ਹਾਦਸੇ ਤੋਂ ਇੱਕ ਮਹੀਨੇ ਬਾਅਦ ਹੀ ਇੱਕ ਹੋਰ ਕੰਪਨੀ ਦੇ ਨਾਮ ਹੇਠ ਡਰਾਈਵਰ/ਓਨਰ ਅਪਰੇਟਰ ਭਰਤੀ ਕਰਨ ਲਈ ਇਸ਼ਤਿਹਾਰ ਕੱਢ ਦਿੱਤੇ ਸੀ। ਕੀ ਉਹ ਮਿਰਤਕਾਂ ਦੇ ਪਰਿਵਾਰਾਂ ਦੇ ਦੁਖ ਮਹਿਸੂਸ ਨਹੀਂ ਸੀ ਕਰ ਸਕਿਆ? ਉਸਨੇ ਕਿਸੇ ਪੁਰਾਣੀ ਕੰਪਨੀ ਦੇ ਨਾਮ ਉੱਤੇ ਨਵਾਂ ਬਿਜਸਨ ਸ਼ੁਰੂ ਕਰਨ ਦੀ ਚਾਲ ਸੋਚੀ। ਸੁਖਮੰਦਰ ਸਿੰਘ ਵਰਗੀ ਸੋਚ ਵਾਲੇ ਲੋਕ ਓਟਾਵਾ ਵਾਸੀ ਉਸ ਔਰਤ ਤੋਂ ਸਬਕ ਲੈ ਸਕਦੇ ਹਨ ਜਿਸਨੇ ਜਸਕੀਰਤ ਦੇ ਨਾਮ ਖੁੱਲਾ ਪੱਤਰ ਲਿਖ ਕੇ ਕਿਹਾ ਕਿ ਮੈਂ ਦੁਆ ਕਰਦੀ ਹਾਂ ਕਿ ਤੂੰ ਵੀ ਆਪਣੇ ਦਰਦ ਨੂੰ ਭੁੱਲਣ ਦੇ ਕਾਬਲ ਹੋ ਸਕੇਂਗਾ। ਇਸ ਪੱਤਰ ਨੂੰ 1 ਲੱਖ 39 ਹਜ਼ਾਰ ਲੋਕਾਂ ਵੱਲੋਂ ਸ਼ੇਅਰ ਕੀਤਾ ਗਿਆ ਜਿਸ ਵਿੱਚੋਂ ਤੱਤ ਭਾਵ ਨਿਕਲਦਾ ਸੀ ਕਿ ਜਸਕੀਰਤ ਵੀ ਕਿਸੇ ਮਾਂ ਦਾ ਪੁੱਤਰ ਹੈ।

ਇਵੇਂ ਹੀ ਇਸ ਹਾਦਸੇ ਵਿੱਚ ਮਾਰੇ ਗਏ 21 ਸਾਲਾ ਖਿਡਾਰੀ ਸਟੀਫਨ ਵੈਕ ਦੀ ਮਾਂ ਟ੍ਰਿਸ਼ੀਆ ਵੈਕ ਨੇ ਇੱਕ ਆਰਟੀਕਲ ਵਿੱਚ ਲਿਖਿਆ ਕਿ ਬੇਸ਼ੱਕ ਮੈਂ ਆਪਣੇ ਪੁੱਤਰ ਦਾ ਘਾਟਾ ਜ਼ਿੰਦਗੀ ਭਰ ਨਹੀਂ ਭੁੱਲ ਸਕਦੀ ਪਰ ਮੈਂ ਤੈਨੂੰ ਮੁਆਫ ਕਰਦੀ ਹਾਂ। ਉਸਨੇ ਹੋਰ ਲਿਖਿਆ ਕਿ ਉਸਦਾ ਪੁੱਤਰ ਰੱਬ ਤੋਂ ਡਰਨ ਵਾਲਾ ਨੌਜਵਾਨ ਸੀ ਜੋ ਹਰ ਗਲਤੀ ਨੂੰ ਮੁਆਫ਼ ਕਰਨ ਵਿੱਚ ਯਕੀਨ ਕਰਦਾ ਸੀ। ਖ਼ੈਰ, ਮੁਆਫੀ ਦਾ ਭਾਵ ਇਹ ਨਹੀਂ ਕਿ ਅਸੀਂ ਸੜਕ ਦੇ ਨੇਮਾਂ ਦੀ ਪਰਵਾਹ ਨਾ ਕਰੀਏ ਜਾਂ ਆਪਣੇ ਕਾਰੋਬਾਰ ਨੂੰ ਗਲਤ ਤੌਰ ਤਰੀਕਿਆਂ ਨਾਲ ਚਲਾਈਏ।

ਟਰੱਕਿੰਗ ਕਿੱਤਾ ਕੈਨੇਡਾ ਵੱਸਦੇ ਵੱਡੀ ਗਿਣਤੀ ਪੰਜਾਬੀਆਂ ਦਾ ਸੱਚ ਬਣ ਚੁੱਕਾ ਹੈ। ਕੈਨੇਡਾ ਦੇ ਅੰਕੜਾ ਵਿਭਾਗ ਮੁਤਾਬਕ ਕੈਨੇਡਾ ਵਿੱਚ ਹਰ ਪੰਜਵਾਂ ਅਤੇ ਉਂਟੇਰੀਓ ਵਿੱਚ ਹਰ ਚੌਥਾ ਡਰਾਈਵਰ ਪੰਜਾਬੀ ਹੈ। ਇਹ ਅੰਕੜੇ ਸਾਬਤ ਕਰਦੇ ਹਨ ਕਿ ਜੇ ਟਰੱਕਿੰਗ ਵਿੱਚੋਂ ਉਗਮਦੀ ਸਫ਼ਲਤਾ ਸਾਡੀ ਹੈ ਤਾਂ ਇਸ ਨਾਲ ਜੁੜੀਆਂ ਚੁਣੌਤੀਆਂ ਵੀ ਸਾਡੀਆਂ ਹੋਣਗੀਆਂ। ਸਹੀ ਸਿਖਲਾਈ, ਸਹੀ ਬਿਜਨਸ ਕਾਇਦੇ ਅਮਲ ਅਤੇ ਸੜਕ ਸੁਰੱਖਿਆ ਵੱਲ ਧਿਆਨ ਦੇਣਾ ਕਨੂੰਨੀ ਲੋੜ ਦੇ ਨਾਲ 2 ਪ੍ਰੋਫੈਸ਼ਨਲ ਫਰਜ਼ ਵੀ ਹੈ।




ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉੱਪ ਕੁਲਪਤੀ ਪ੍ਰੋ. ਬੀ.ਐਸ. ਘੁੰਮਣ ਨੂੰ ਮਿਲਕੇ ਦਰਖ਼ਾਸਤ ਦੇ ਕੇ ਪ੍ਰੋ. ਪੰਡਿਤਰਾਓ ਨੇ ਮੰਗ ਕੀਤੀ ਹੈ ਕਿ ਪੰਜਾਬੀ ਯੂਨੀਵਰਸਿਟੀ ਵਿੱਚ ਪੈਂਦੇ ਸਾਰੇ ਸਾਇਨ ਬੋਰਡ/ਨਿਸ਼ਾਨ ਚਿੰਨ੍ਹ ਸ਼ੁੱਧ ਪੰਜਾਬੀ ਵਿੱਚ ਕਿਉਂ ਨਹੀਂ ਲਿਖਵਾਏ ਗਏ ਜਦੋ ਕਿ ਓਹਨਾ ਨੇ ਇਸ ਸ਼ੁਭ ਕਾਰਜ ਨੂੰ ਮੁਕੰਮਲ ਕਰਵਾਉਣ ਲਈ ਪ੍ਰੋਫੈਸਰ ਪੰਡਿਤ ਰਾਓ ਨੇ ਪੰਜਾਬੀ ਯੂਨੀਵਰਸਿਟੀ ਨੂੰ 10,000/- ਰੁਪਏ ਦਾ ਚੈੱਕ ਵੀ ਆਪਣੀ ਤਨਖਾਹ ਤੋਂ ਦਿੱਤਾ ਤੇ ਕਿਹਾ ਕਿ ਜੇ ਇਸ ਕਾਰਜ ਲਈ ਹੋਰ ਲੋੜ ਹੋਵੇ ਤਾ ਮੈ ਆਪਣੀ ਤਨਖਾਹ ਹੋਰ ਦੇ ਦੇਵਾਗਾ ।

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

## ਹੰਬੋਲਟ ਬਰੌਂਕੌਸ ਹਾਦਸੇ ਦੇ ਮਾਮਲੇ 'ਚ ਜੱਜ ਨੇ ਡਰਾਈਵਰ ਨੂੰ ਠਹਿਰਾਇਆ ਕਸੂਰਵਾਰ, ਸਜ਼ਾ ਜਲਦ

...ਪੰਨਾ 1 ਦਾ ਬਾਕੀ

ਮੰਗਲਵਾਰ ਨੂੰ ਅਦਾਲਤ ਵਿੱਚ ਜੱਜ ਸਾਹਮਣੇ ਖੜ੍ਹੇ ਹੋ ਕੇ ਸਿੱਧੂ ਨੇ ਆਖਿਆ ਕਿ ਉਹ ਆਪਣੀ ਗਲਤੀ ਮੰਨਦਾ ਹੈ। ਉਸ ਉੱਤੇ 16 ਮਾਮਲਿਆਂ ਵਿੱਚ ਖਤਰਨਾਕ ਡਰਾਈਵਿੰਗ ਕਰਨ, ਜਿਸ ਕਾਰਨ 16 ਖਿਡਾਰੀਆਂ ਦੀ ਮੌਤ ਹੋਈ ਤੇ 13 ਮਾਮਲਿਆਂ ਵਿੱਚ ਸ਼ਰੀਰਕ ਨੁਕਸਾਨ ਪਹੁੰਚਾਉਣ ਦਾ ਦੋਸ਼ ਸੀ।
ਉਸ ਨੇ ਹੋਰ ਕੋਈ ਟਿੱਪਣੀ ਨਹੀਂ ਕੀਤੀ ਤੇ ਅਦਾਲਤ ਤੋਂ ਬਾਹਰ ਨਿਕਲਦੇ ਸਮੇਂ ਉਸ ਦਾ ਸਿਰ ਝੁਕਿਆ ਹੋਇਆ ਸੀ ਤੇ ਉਹ ਆਪਣੇ ਵਕੀਲ ਦੇ ਨੇੜੇ ਖੜ੍ਹਿਆ ਹੋਇਆ ਸੀ। ਪਿੱਛੇ ਜਿਹੇ ਇਸ ਮਾਮਲੇ ਨੂੰ ਆਪਣੇ ਹੱਥ ਵਿੱਚ ਲੈਣ ਵਾਲੇ ਵਕੀਲ ਮਾਰਕ ਬ੍ਰੇਅਫੋਰਡ ਨੇ ਦੱਸਿਆ ਕਿ ਸਿੱਧੂ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਨਾ ਤਾਂ ਹਾਲਾਤ ਨੂੰ ਹੋਰ ਵਿਗਾੜਨਾ ਚਾਹੁੰਦਾ ਹੈ ਤੇ ਨਾ ਹੀ ਇਸ ਨੂੰ ਸੁਧਾਰ ਸਕਦਾ ਹੈ ਇਸ ਲਈ ਉਹ ਸੁਣਵਾਈ ਵਿੱਚ ਨਹੀਂ ਪੈਣਾ ਚਾਹੁੰਦਾ। ਉਹ ਆਪਣੀ ਗਲਤੀ ਮੰਨਦਾ ਹੈ।
ਉਹ ਸਬੰਧਤ ਪਰਿਵਾਰਾਂ ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਇਸ ਹਾਦਸੇ ਕਾਰਨ ਉਹ ਅੰਦਰੋਂ ਟੁੱਟ ਚੁੱਕਿਆ ਹੈ। ਇਸ ਸੱਭ ਕਾਸੇ ਦੇ ਬਾਵਜੂਦ ਕੁੱਝ ਪਰਿਵਾਰਾਂ ਤੇ ਖਿਡਾਰੀਆਂ ਵੱਲੋਂ ਉਸ ਪ੍ਰਤੀ ਵਿਖਾਈ ਗਈ ਹਮਦਰਦੀ ਤੇ ਨਰਮੀ ਲਈ ਉਹ ਉਨ੍ਹਾਂ ਦਾ ਸ਼ੁਕਰਗੁਜ਼ਾਰ ਹੈ। ਕ੍ਰਾਊਨ ਵਕੀਲ ਥਾਮਸ ਹੈਲੇ ਨੇ ਆਖਿਆ ਕਿ ਉਸ ਨੂੰ ਪੰਜ ਦਿਨਾਂ ਲਈ ਸੁਣਵਾਈ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ ਜੋ ਕਿ 28 ਜਨਵਰੀ ਤੋਂ ਸ਼ੁਰੂ ਹੋਵੇਗੀ। ਇਸ ਤੋਂ ਅੱਗੇ ਉਨ੍ਹਾਂ ਕੋਈ ਟਿੱਪਣੀ ਨਹੀਂ ਕੀਤੀ। ਖਤਰਨਾਕ ਢੰਗ ਨਾਲ ਡਰਾਈਵਿੰਗ ਕਰਨ ਲਈ ਸਿੱਧੂ ਨੂੰ 14 ਸਾਲ ਦੀ ਸਜ਼ਾ ਹੋ ਸਕਦੀ ਹੈ ਤੇ ਹਾਦਸੇ ਨੂੰ ਅੰਜਾਮ ਦੇ ਕੇ ਲੋਕਾਂ ਨੂੰ ਅਪਾਹਜ ਕਰਨ ਲਈ 10 ਸਾਲ ਦੀ ਸਜ਼ਾ ਹੋ ਸਕਦੀ ਹੈ। ਹਾਦਸੇ ਤੋਂ ਸਬੂਤ ਤੇ ਟਰੱਕ ਡਰਾਈਵਰ ਦੀ ਗਲਤੀ ਦੇ ਸਬੂਤ ਅਜੇ ਤੱਕ ਅਦਾਲਤ ਵਿੱਚ ਜਮ੍ਹਾਂ ਨਹੀਂ ਕਰਵਾਏ ਗਏ ਹਨ।

## ਪਾਈਪਲਾਈਨ ਦਾ ਵਿਰੋਧ ਕਰਨ ਵਾਲੇ 14 ਵਿਅਕਤੀਆਂ ਨੂੰ ਆਰਸੀਐਮਪੀ ਨੇ ਕੀਤਾ ਗ੍ਰਿਫਤਾਰ

...ਪੰਨਾ 1 ਦਾ ਬਾਕੀ

ਇੱਕ ਬਿਆਨ ਵਿੱਚ ਆਰਸੀਐਮਪੀ ਨੇ ਆਖਿਆ ਕਿ ਅਧਿਕਾਰੀਆਂ ਨੇ ਕੈਂਪ ਦੇ ਨੁਮਾਇੰਦਿਆਂ ਨਾਲ ਗੱਲ ਕਰਕੇ ਸੜਕ ਦੇ ਨਾਲ ਲੱਗਿਆ ਅੜਿੱਕਾ ਖਤਮ ਕਰਨ ਲਈ ਆਖਿਆ ਤੇ ਉਨ੍ਹਾਂ ਚੀਫਜ਼ ਤੇ ਕੋਸਟਲ ਗੈਸਲਿੰਕ ਨਾਲ ਵੀ ਗੱਲ ਕੀਤੀ। ਪਰ ਪੁਲਿਸ ਨੇ ਦੱਸਿਆ ਕਿ 3:00 ਵਜੇ ਤੱਕ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਇਸ ਤਰ੍ਹਾਂ ਮਾਮਲਾ ਹੱਲ ਨਹੀਂ ਹੋਣ ਵਾਲਾ ਇਸ ਲਈ ਉਨ੍ਹਾਂ ਕਾਰਵਾਈ ਕੀਤੀ। ਬਿਆਨ ਵਿੱਚ ਆਖਿਆ ਗਿਆ ਕਿ ਕੈਂਪ ਨੂੰ ਖਾਲੀ ਕਰਨ ਲਈ ਇੱਕ ਆਰਜ਼ੀ ਜ਼ੋਨ ਵੀ ਬਣਾਈ ਗਈ ਤੇ ਪੁਲਿਸ ਨੇ ਕਿਸੇ ਨੂੰ ਉੱਥੇ ਨਹੀਂ ਪਹੁੰਚਣ ਦਿੱਤਾ ਜਿਹੜਾ ਕਾਨੂੰਨ ਲਾਗੂ ਕਰਨ ਵਾਲੀ ਟੀਮ ਦਾ ਹਿੱਸਾ ਨਹੀਂ ਸੀ।
ਇਸ ਬਿਆਨ ਵਿੱਚ ਇਹ ਵੀ ਆਖਿਆ ਗਿਆ ਕਿ ਆਰਸੀਐਮਪੀ ਨੇ ਉਸ ਇਲਾਕੇ ਵਿੱਚ ਸੰਚਾਰ ਵੀ ਬੰਦ ਕਰ ਦਿੱਤਾ ਤੇ ਪੁਲਿਸ ਦੀ ਇਸ ਕਾਰਵਾਈ ਮੌਕੇ ਫੌਜ ਵੀ ਉੱਥੇ ਤਾਇਨਾਤ ਸੀ।



ਟਰਾਂਸ ਕੈਨੇਡਾ ਦੀ ਸਬਸਿਡਰੀ ਕੋਸਟਲ ਗੈਸਲਿੰਕ ਵੱਲੋਂ ਡਾਅਸਨ ਕ੍ਰੀਕ ਏਰੀਆ ਤੋਂ ਕਿਟੀਮਤ ਤੱਕ ਕੁਦਰਤੀ ਗੈਸ ਲਿਜਾਣ ਲਈ ਇਹ ਪਾਈਪਲਾਈਨ ਵਿਛਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਐਤਵਾਰ ਨੂੰ ਯੂਨੀਅਨ ਆਫ ਬੀਸੀ ਇੰਡੀਅਨ ਚੀਫਜ਼ ਦੇ ਗ੍ਰੈਂਡ ਚੀਫ ਸਟੀਵਾਰਟ ਫਿਲਿਪ ਦੇ ਪੱਖ ਉੱਤੇ ਇਹ ਨਿਊਜ਼ ਰਲੀਜ਼ ਜਾਰੀ ਕੀਤੀ ਗਈ ਕਿ ਉਨ੍ਹਾਂ ਸਾਰਿਆਂ ਵੱਲੋਂ ਆਪਣੀ ਟੈਰੇਟਰੀ ਵਿੱਚ ਤੇਲ ਤੇ ਗੈਸ ਪਾਈਪਲਾਈਨ ਦੀ ਉਸਾਰੀ ਦਾ ਵਿਰੋਧ ਕੀਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਜਦੋਂ ਤੱਕ ਇਸ ਮੁੱਦੇ ਉੱਤੇ ਆਮ ਸਹਿਮਤੀ ਨਹੀਂ ਬਣ ਜਾਂਦੀ ਉਦੋਂ ਤੱਕ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰਾਂ ਨੂੰ ਇਸ ਪ੍ਰੋਜੈਕਟ ਲਈ ਪਰਮਿਟ ਰੱਦ ਕਰ ਦੇਣੇ ਚਾਹੀਦੇ ਹਨ। ਐਲਐਨਜੀ ਕੈਨੇਡਾ ਨੇ ਅਕਤੂਬਰ ਵਿੱਚ ਇਹ ਐਲਾਨ ਕੀਤਾ ਸੀ ਕਿ ਉਹ ਪਾਈਪਲਾਈਨ ਉਸਾਰਨ ਦੀ ਆਪਣੀ ਯੋਜਨਾ ਨਾਲ ਅੱਗੇ ਵਧੇਗੀ। 670 ਕਿਲੋਮੀਟਰ ਲੰਮੀ ਤੇ 6.2 ਬਿਲੀਅਨ ਡਾਲਰ ਦੀ ਲਾਗਤ ਵਾਲੀ ਇਸ ਪਾਈਪਲਾਈਨ ਦੀ ਉਸਾਰੀ ਇਸ ਮਹੀਨੇ ਤੋਂ ਸ਼ੁਰੂ ਹੋਣ ਜਾ ਰਹੀ ਸੀ।

## ਬਰੈਂਪਟਨ ਟਰਾਂਜ਼ਿਟ ਲਈ ਓਨਟਾਰੀਓ ਵੱਲੋਂ ਐਲਾਨੇ ਫੰਡਾਂ ਦੀ ਐਮਪੀਪੀਜ਼ ਵੱਲੋਂ ਸ਼ਲਾਘਾ

...ਪੰਨਾ 1 ਦਾ ਬਾਕੀ

ਯੂਰੇਕ ਨੇ ਇਹ ਐਲਾਨ ਕਰਦਿਆਂ ਆਖਿਆ ਕਿ ਅਸੀਂ ਲੋਕਾਂ ਲਈ ਵਧੇਰੇ ਸਹੂਲਤਾਂ ਭਰਿਆ ਸਫਰ ਬਣਾਉਣ ਲਈ ਤੇ ਹੋਰ ਰਾਈਡਰਜ਼ ਨੂੰ ਆਕਰਸ਼ਿਤ ਕਰਨ ਲਈ ਪਬਲਿਕ ਟਰਾਂਜ਼ਿਟ ਵਿੱਚ ਹੋਰ ਨਿਵੇਸ਼ ਕਰ ਰਹੇ ਹਾਂ। ਇਸ ਨਵੀਂ ਪੇਸ਼ਕਦਮੀ ਨਾਲ ਲੋਕਾਂ ਨੂੰ ਕਿਤੇ ਵੀ ਆਉਣ ਜਾਣ ਵਿੱਚ ਹੋਰ ਸਹੂਲਤ ਹੋਵੇਗੀ। ਪ੍ਰੋਵਿੰਸ ਵੱਲੋਂ 107 ਮਿਉਂਸਪੈਲਿਟੀਜ਼ ਨੂੰ ਗੈਸ ਟੈਕਸ ਫੰਡਿੰਗ ਦੇ ਰੂਪ ਵਿੱਚ 364 ਮਿਲੀਅਨ ਡਾਲਰ ਦਿੱਤੇ ਜਾ ਰਹੇ ਹਨ ਤੇ ਬਰੈਂਪਟਨ ਦੇ ਇਹ ਫੰਡ ਵੀ ਇਸੇ ਕੜੀ ਦਾ ਹਿੱਸਾ ਹਨ। ਇਸ ਨਾਲ ਓਨਟਾਰੀਓ ਭਰ ਦੀਆਂ 144 ਕਮਿਊਨਿਟੀਜ਼ ਨੂੰ ਪਬਲਿਕ ਟਰਾਂਜ਼ਿਟ ਸਰਵਿਸ ਮੁਹੱਈਆ ਕਰਵਾਈ ਜਾਵੇਗੀ। ਇਹ ਕਮਿਊਨਿਟੀਜ਼ ਓਨਟਾਰੀਓ ਦੀ ਕੁੱਲ ਆਬਾਦੀ ਦੇ 92 ਫੀ ਸਦੀ ਹਿੱਸੇ ਦੀ ਨੁਮਾਇੰਦਗੀ ਕਰਦੀਆਂ ਹਨ।

ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆਂ ਨੇ ਆਖਿਆ ਕਿ ਸਾਡੀ ਸਰਕਾਰ ਬਰੈਂਪਟਨ ਦੇ ਲੋਕਾਂ ਦੀ ਜ਼ਿੰਦਗੀ ਨੂੰ ਹੋਰ ਸੁਖਾਲਾ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਆਖਿਆ ਕਿ ਆਪਣੇ ਟਰਾਂਜ਼ਿਟ ਇਨਫਰਾਸਟ੍ਰਕਚਰ ਦੇ ਪਸਾਰ ਤੇ ਪ੍ਰੋਵਿੰਸ ਭਰ ਵਿੱਚ ਟਰਾਂਸਪੋਰਟੇਸ਼ਨ ਵਿੱਚ ਸੁਧਾਰ ਦਾ ਇਹ ਸਾਡਾ ਢੰਗ ਹੈ। ਓਨਟਾਰੀਓ ਗੈਸ ਟੈਕਸ ਪ੍ਰੋਗਰਾਮ ਲਈ ਫੰਡਿੰਗ ਪ੍ਰੋਵਿੰਸ ਵਿੱਚ ਵੇਚੀ ਜਾਣ ਵਾਲੀ ਗੈਸੋਲੀਨ (ਕਿੰਨੇ ਲੀਟਰ ਗੈਸੋਲੀਨ ਵੇਚੀ ਗਈ) ਉੱਤੇ ਨਿਰਭਰ ਕਰਦੀ ਹੈ। ਇਸ ਪ੍ਰੋਗਰਾਮ ਤਹਿਤ ਪ੍ਰੋਵਿੰਸ ਨੂੰ ਹਾਸਲ ਹੋਣ ਵਾਲੀ ਗੈਸ ਟੈਕਸ ਆਮਦਨ ਵਿੱਚੋਂ ਪ੍ਰਤੀ ਲੀਟਰ ਪਿੱਛੇ ਦੋ ਸੈਂਟ ਮਿਉਂਸਪੈਲਿਟੀਜ਼ ਨੂੰ ਮੁਹੱਈਆ ਕਰਵਾਏ ਜਾਂਦੇ ਹਨ। ਇਸ ਮਗਰੋਂ ਗੈਸ ਟੈਕਸ ਫੰਡਿੰਗ ਹਾਸਲ ਕਰਨ ਵਾਲੀਆਂ ਮਿਉਂਸਪੈਲਿਟੀਜ਼ ਨੇ ਆਪਸੀ ਸਹਿਮਤੀ ਦੇ ਹਿਸਾਬ ਨਾਲ ਇਹ ਫੰਡ ਪਬਲਿਕ ਟਰਾਂਜ਼ਿਟ ਵਿੱਚ ਸੁਧਾਰ ਕਰਨ, ਟਰਾਂਜ਼ਿਟ ਇਨਫਰਾਸਟ੍ਰਕਚਰ ਨੂੰ ਅਪਗ੍ਰੇਡ ਕਰਨ, ਲੋਕਾਂ ਤੱਕ ਪਹੁੰਚ ਵਧਾਉਣ, ਟਰਾਂਜ਼ਿਟ ਵਾਹਨ ਖਰੀਦਣ, ਹੋਰ ਰੂਟ ਸ਼ਾਮਲ ਕਰਨ ਤੇ ਸੇਵਾਵਾਂ ਦੇ ਘੰਟੇ ਵਧਾਉਣ ਆਦਿ ਉੱਤੇ ਖਰਚ ਕਰਨੇ ਹੁੰਦੇ ਹਨ।
ਇਸ ਮੌਕੇ ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਨੇ ਆਖਿਆ ਕਿ ਲੋਕ ਘੱਟ ਤੋਂ ਘੱਟ ਸਮਾਂ ਟਰੈਫਿਕ ਵਿੱਚ ਬਿਤਾਉਣਾ ਚਾਹੁੰਦੇ ਹਨ ਤੇ ਵੱਧ ਤੋਂ ਵੱਧ ਸਮਾਂ ਆਪਣੇ ਘਰਾਂ ਵਿੱਚ ਤੇ ਆਪਣੇ ਪਰਿਵਾਰਾਂ ਨਾਲ ਬਿਤਾਉਣਾ ਚਾਹੁੰਦੇ ਹਨ। ਬਰੈਂਪਟਨ ਵਿੱਚ ਜਾਮ ਲੱਗਣ ਦੀ ਸਮੱਸਿਆ ਕੋਈ ਨਵੀਂ ਨਹੀਂ ਹੈ। ਇਸ ਫੰਡਿੰਗ ਨਾਲ ਰੋਜ਼ਾਨਾ ਬਰੈਂਪਟਨ ਟਰਾਂਜ਼ਿਟ ਦੀ ਵਰਤੋਂ ਕਰਨ ਵਾਲਿਆਂ ਨੂੰ ਰਾਹਤ ਮਿਲੇਗੀ ਤੇ ਉਹ ਘਰ ਤੋਂ ਕੰਮ ਤੇ ਕੰਮ ਤੋਂ ਘਰ ਸੁਖਾਲੇ ਢੰਗ ਨਾਲ ਆ ਜਾ ਸਕਣਗੇ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਡੋਨੇਸ਼ਨ ਬਾਕਸ ਵਿੱਚ ਫਸਣ ਕਾਰਨ ਮਹਿਲਾ ਦੀ ਹੋਈ ਮੌਤ

...ਪੰਨਾ 1 ਦਾ ਬਾਕੀ

ਉਸ ਦੇ ਸਾਹ ਚਲਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਜਾਂਚਕਾਰਾਂ ਦਾ ਕਹਿਣਾ ਹੈ ਕਿ ਮਹਿਲਾ ਦੀ ਮੌਤ ਪਿੱਛੇ ਉਨ੍ਹਾਂ ਨੂੰ ਕੋਈ ਗੜਬੜੀ ਨਹੀਂ ਲੱਗਦੀ। ਉਸ ਦੇ ਦੋਸਤਾਂ ਵੱਲੋਂ ਉਸ ਦੀ ਪਛਾਣ ਕ੍ਰਿਸਟਲ ਪੈਪੀਨਿਊ ਵਜੋਂ ਕੀਤੀ ਗਈ। ਇਹ ਮਹਿਲਾ ਡੋਨੇਸ਼ਨ ਬਿਨ ਤੋਂ ਕੁੱਝ ਬਲਾਕਸ ਦੀ ਦੂਰੀ ਉੱਤੇ ਸਥਿਤ ਸਿਸਟਰਿੰਗ ਨਾਂ ਦੇ ਔਰਤਾਂ ਦੇ ਸ਼ੈਲਟਰ ਦੀ ਲੰਮੇਂ ਸਮੇਂ ਤੋਂ ਕਲਾਇੰਟ ਸੀ। ਉਸ ਦੇ ਦੋਸਤਾਂ ਨੇ ਦੱਸਿਆ ਕਿ ਉਹ ਬਹੁਤ ਹੀ ਖੁਸ਼ਮਿਜ਼ਾਜ ਤੇ ਫਰਾਖ਼ਦਿਲ ਸੀ। ਉਸ ਦੇ ਬੱਚੇ ਵੀ ਸਨ ਪਰ ਉਹ ਆਪਣੇ ਬੱਚਿਆਂ ਨਾਲ ਨਹੀਂ ਸੀ ਰਹਿੰਦੀ।
ਮਿਤਰਾ ਨਾਂ ਦੀ ਇੱਕ ਮਹਿਲਾ ਨੇ ਆਖਿਆ ਕਿ ਅਸੀਂ ਆਪਣੀ ਭੈਣ ਗੁਆ ਬੈਠੇ ਹਾਂ। ਉਹ ਬਹੁਤ ਹੀ ਪਿਆਰੀ ਮਹਿਲਾ ਸੀ। ਇੱਥੇ ਹਰ ਕਿਸੇ ਨੂੰ ਉਹ ਜਾਣਦੀ ਸੀ ਤੇ ਸਾਰੇ ਉਸ ਨੂੰ ਜਾਣਦੇ ਸਨ। ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀ ਇਸ ਮੌਤ ਉੱਤੇ ਬਹੁਤ ਅਫਸੋਸ ਪ੍ਰਗਟਾਇਆ। ਉਨ੍ਹਾਂ ਆਖਿਆ ਕਿ ਉਹ ਸ਼ਹਿਰ ਵਿੱਚ ਲੱਗੇ ਅਜਿਹੇ ਡੋਨੇਸ਼ਨ ਬਾਕਸ ਦੀ ਸਥਿਤੀ ਦੇ ਮੁਲਾਂਕਣ ਕਰਨ ਲਈ ਆਪਣੇ ਸਟਾਫ ਨੂੰ ਨਿਰਦੇਸ਼ ਦੇ ਰਹੇ ਹਨ।

## ਬਲਬੀਰ ਸਿੰਘ ਸਿੱਧੂ ਨੇ ਕੈਨੇਡਾ ਦੇ ਨੁਮਾਇੰਦਿਆਂ ਨਾਲ ਕੀਤੀ ਮੁਲਾਕਾਤ

ਚੰਡੀਗੜ, 8 ਜਨਵਰੀ (ਪੋਸਟ ਬਿਊਰੋ): ਅੱਜ ਇਥੇ ਮੰਗਲਵਾਰ ਨੂੰ ਪੰਜਾਬ ਦੇ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਕਨੇਡਾ ਦੇ ਕਾਊਂਸਿਲ ਜਨਰਲ ਮੀਆ ਯੇਨ ਅਤੇ ਟਰੇਡ ਕਮਿਸ਼ਨਰ ਗੁਰਬੰਸ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਪਸ਼ੂ ਪਾਲਣ ਦੇ ਖੇਤਰ ਨਾਲ ਸਬੰਧਤ ਵੱਖ-ਵੱਖ ਪਹਿਲੂਆਂ ਬਾਰੇ ਵਿਚਾਰ-ਵਟਾਦਰਾਂ ਕੀਤਾ ਗਿਆ।
ਪਸ਼ੂ ਪਾਲਣ ਮੰਤਰੀ ਨੇ ਕਨੇਡਾ ਤੋਂ ਆਏ ਨੁਮਾਇੰਦਿਆਂ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਸ਼ੂ ਪਾਲਣ ਤੇ ਕਿੱਤੇ ਨੂੰ ਪੇਸ਼ੇਵਰ ਢੰਗ ਨਾਲ ਪੱਕੇ ਤੌਰ 'ਤੇ ਸਥਾਪਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਸੂਬਾ ਸਰਕਾਰ ਆਧਨਿਕ ਪਸ਼ੂ ਪਾਲਣ ਤੇ ਡੇਅਰੀ ਫਾਰਮਿੰਗ ਦੇ ਲਈ ਹੁਨਰ ਵਿਕਾਸ ਸਿੱਖਿਆ ਸਮੇਤ ਵਧਿਆ ਨਸਲਾਂ ਦੇ ਪਸ਼ੂ ਜਿਵੇਂ ਕਿ ਗਾਂਵਾਂ, ਸੂਰ ਤੇ ਬਕਰੀਆਂ ਦੇ ਅਦਾਨ-ਪ੍ਰਦਾਨ, ਮੀਟ ਪ੍ਰੋਸੈਸਿੰਗ ਯੂਨਿਟ, ਸਰਦੀਆਂ ਵਿਚ ਬਾਇਓ-ਗੈਸ ਦੇ ਉਤਪਾਦਨ ਨੂੰ ਵਧਾਉਣ ਦੀ ਤਕਨੀਕ ਸਥਾਪਿਤ ਕਰਨ ਲਈ ਕਨੇਡਾ ਸਰਕਾਰ ਤੋਂ ਸਹਿਯੋਗ ਲੈਣਾ ਚਾਹੁੰਦੀ ਹੈ।
ਸ.ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਲਗਭਗ 20 ਸਾਲ ਪਹਿਲਾਂ ਵੀ ਕਨੇਡਾ ਨਾਲ, ਪਸ਼ੂ ਪਾਲਣ ਲਈ ਜਾਨਵਰਾਂ ਦਾ ਅਦਾਨ ਪ੍ਰਦਾਨ ਕੀਤਾ ਗਿਆ ਸੀ ਜਿਸ ਦੇ ਹਾਂ-ਪੱਖੀ ਨਤੀਜੇ ਦੇਖਣ ਨੂੰ ਮਿਲੇ ਸਨ। ਉਨਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਡੇਅਰੀ ਫਾਰਮਿੰਗ ਅਤੇ ਪਸ਼ੂ ਪਾਲਣ ਲਈ ਅਸੀਂ ਵਿਕਿਸਤ ਦੇਸ਼ਾਂ ਦੀ ਤਕਨੀਕਾਂ ਨੂੰ ਅਪਣਾਇਏ। ਉਨਾਂ ਕਿਹਾ ਕਿ ਸੂਬੇ ਦੇ ਨੋਜਵਾਨਾਂ ਨੂੰ ਕਨੇਡਾ ਵਿਚ ਹੁਨਰ ਵਿਕਾਸ ਸਿੱਖਿਆ ਹਾਂਸਲ ਕਰਨ ਲਈ ਜਲਦ ਰਾਹ ਬਣਾਇਆ ਜਾਵੇਗਾ। ਉਨਾਂ ਕਨੇਡਾ ਦੇ ਕਾਊਂਸਿਲ ਜਨਰਲ ਮੀਆ ਯੇਨ ਨੂੰ ਅਪੀਲ ਕੀਤੀ ਚਾਹਵਾਨ ਵਿਦਿਆਰਥੀਆਂ ਨੂੰ ਪਸ਼ੂ ਪਾਲਣ ਦੇ ਖੇਤਰ ਨਾਲ ਜੋੜਨ ਲਈ ਕਨੇਡਾ ਦੀਆਂ ਨਾਮਵਰ ਯੂਨੀਵਰਸਿਟੀਆਂ ਵਿਚ ਪੰਜਾਬ ਦੇ ਵਿਦਿਆਰਥੀਆਂ ਨੂੰ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਨਾਲ ਸਬੰਧਤ ਆਧੁਨਿਕ ਤੇ ਤਕਨੀਕੀ ਸਿੱਖਿਆ ਹਾਂਸਲ ਮੋਕਾ ਦਿੱਤਾ ਜਾਵੇ।

## ਸਾਊਦੀ ਅਰਬ ਛੱਡਣ ਉੱਤੇ ਪਰਿਵਾਰ ਤੋਂ ਜਾਨ ਦਾ ਖਤਰਾ ਦੱਸਦੀ ਲੜਕੀ ਨੂੰ ਰਾਹਤ

ਬੈਂਕਾਕ, 8 ਜਨਵਰੀ, (ਪੋਸਟ ਬਿਊਰੋ)- ਇਸਲਾਮ ਛੱਡਣ ਉੱਤੇ ਪਰਿਵਾਰ ਵਲੋਂ ਕਤਲ ਕਰਨ ਦੇਣ ਦਾ ਸ਼ੱਕ ਜਤਾ ਰਹੀ 18 ਸਾਲਾ ਲੜਕੀ ਰਹਾਫ ਨੂੰ ਰਾਹਤ ਮਿਲੀ ਤੇ ਉਸ ਦੀ ਘਰ ਵਾਪਸੀ ਦਾ ਫੈਸਲਾ ਟਲ ਗਿਆ ਹੈ। ਸੋਸ਼ਲ ਮੀਡੀਆ ਉੱਤੇ ਕੌਮਾਂਤਰੀ ਪੱਧਰ 'ਤੇ ਚੱਲੀ ਮੁਹਿੰਮ ਤੋਂ ਬਾਅਦ ਯੂ ਐੱਨ ਓ ਨੇ ਲੜਕੀ ਨੂੰ ਪਨਾਹ ਦੇਣ ਦਾ ਫੈਸਲਾ ਲਿਆ ਹੈ।
ਵਰਨਣ ਯੋਗ ਹੈ ਕਿ 18 ਸਾਲਾ ਰਹਾਫ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਤਿੰਨ ਦਿਨਾਂ ਤੋਂ ਵਾਇਰਲ ਹੋ ਰਹੀ ਹੈ। ਉਸ ਦੀ ਮਦਦ ਲਈ ਸੋਸ਼ਲ ਮੀਡੀਆ 'ਤੇ ਕੌਮਾਂਤਰੀ ਪੱਧਰ ਉੱਤੇ ਮੁਹਿੰਮ ਚੱਲ ਰਹੀ ਸੀ। ਉਸ ਨੇ ਐਤਵਾਰ ਤੋਂ ਖੁਦ ਨੂੰ ਬੈਂਕਾਕ ਦੇ ਇਕ ਹੋਟਲ ਵਿਚ ਕੈਦ ਹੋਣ ਬਾਰੇ ਦੱਸਿਆ ਅਤੇ ਸ਼ੱਕ ਜਤਾਇਆ ਸੀ ਕਿ ਸਾਊਦੀ ਅਰਬ ਵਾਪਸ ਜਾਣ 'ਤੇ ਪਰਿਵਾਰ ਵਾਲੇ ਉਸ ਨੂੰ ਕਤਲ ਕਰ ਦੇਣਗੇ। ਸਾਊਦੀ ਅਰਬ ਦੀ 18 ਸਾਲਾ ਲੜਕੀ ਰਹਾਫ ਮੁਹੰਮਦ ਐਮ ਅਲਕੁਨੂੰਨ ਦੇ ਪਿਤਾ ਸਾਊਦੀ ਅਰਬ ਵਿਚ ਸਰਕਾਰੀ ਅਹੁਦੇ 'ਤੇ ਹਨ ਅਤੇ ਉਹ ਅਮੀਰ ਘਰਾਣੇ ਨਾਲ ਸਬੰਧਿਤ ਹੈ। ਸਾਊਦੀ ਅਰਬ ਤੋਂ ਭੱਜ ਕੇ ਉਹ ਐਤਵਾਰ ਬੈਂਕਾਕ ਆਈ ਤਾਂ ਪਰਿਵਾਰ ਦੀ ਸ਼ਿਕਾਇਤ ਉੱਤੇ ਬੈਂਕਾਕ ਏਅਰਪੋਰਟ 'ਤੇ ਉਸ ਨੂੰ ਫੜ ਲਿਆ ਗਿਆ ਸੀ। ਥਾਈਲੈਂਡ ਸਰਕਾਰ ਨੇ ਉਸ ਦਾ ਪਾਸਪੋਰਟ ਅਤੇ ਹੋਰ ਦਸਤਾਵੇਜ਼ ਜ਼ਬਤ ਕਰ ਕੇ ਉਸ ਨੂੰ ਜ਼ਬਰਦਸਤੀ ਘਰ ਵਾਪਸ ਭੇਜਣ ਲਈ ਇਕ ਹੋਟਲ ਵਿਚ ਰੱਖਿਆ ਸੀ। ਲੜਕੀ ਨੂੰ ਡਰ ਸੀ ਕਿ ਘਰ ਮੁੜਨ ਉੱਤੇ ਪਰਿਵਾਰ ਵਾਲੇ ਉਸ ਨੂੰ ਕਤਲ ਕਰ ਦੇਣਗੇ। ਇਸ ਲਈ ਉਸ ਨੇ ਖੁਦ ਨੂੰ ਸੋਮਵਾਰ ਸ਼ਾਮ ਤੱਕ ਹੋਟਲ ਵਿਚ ਕੈਦ ਕਰੀ ਰੱਖਿਆ ਤੇ ਟਵਿੱਟਰ ਰਾਹੀਂ ਸੋਸ਼ਲ ਮੀਡੀਆ ਉੱਤੇ ਆਪਣੀ ਜਾਨ ਬਚਾਉਣ ਦੀ ਮੁਹਿੰਮ ਸ਼ੁਰੂ ਕੀਤੀ ਸੀ। ਲੜਕੀ ਨੂੰ ਸੋਸ਼ਲ ਮੀਡੀਆ 'ਤੇ ਕੌਮਾਂਤਰੀ ਮੀਡੀਆ, ਸਮਾਜ ਸੇਵੀ ਸੰਗਠਨਾਂ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਦੀਆਂ ਸੰਸਥਾਵਾਂ ਦਾ ਸਾਥ ਮਿਲਿਆ ਅਤੇ ਉਸ ਦੀ ਘਰ ਵਾਪਸੀ ਦਾ ਫੈਸਲਾ ਰੱਦ ਕਰਕੇ ਉਸ ਨੂੰ ਯੂ ਐੱਨ ਓ ਵੱਲੋਂ ਪਨਾਹ ਦੇਣ ਦਾ ਫੈਸਲਾ ਲਿਆ ਗਿਆ ਹੈ।
ਰਹਾਫ ਦਾ ਕਹਿਣਾ ਹੈ ਕਿ ਉਹ ਆਪਣੇ ਪਰਿਵਾਰ ਦੇ ਡਰ ਤੇ ਬੰਦਿਸ਼ਾਂ ਤੋਂ ਪ੍ਰੇਸ਼ਾਨ ਹੋ ਚੁੱਕੀ ਹੈ। ਉਹ ਨਾਸਤਿਕ ਹੈ ਅਤੇ ਕਰੀਬ ਦੋ ਸਾਲ ਪਹਿਲਾਂ (2016 ਵਿਚ) ਉਸ ਨੇ ਇਸਲਾਮ ਛੱਡ ਦਿੱਤਾ ਸੀ। ਉਦੋਂ

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਅਸੀਸਾਂ ਦੀ ਨਦੀ

-ਲਾਲ ਚੰਦ ਸਿਰਸੀਵਾਲਾ

ਦਸਾਂ ਕੁ ਸਾਲ ਦਾ ਬੱਚਾ ਕਦੇ ਆਪਣੀ ਮੰਮੀ ਨਾਲ, ਕਦੇ ਆਪਣੇ ਦਾਦੇ ਨਾਲ ਸਵੇਰੇ-ਸਵੇਰੇ ਸੈਰ ਕਰਨ ਆਉਂਦਾ। ਜਿਸ ਦਿਨ ਉਹ ਦਾਦੇ ਨਾਲ ਹੁੰਦਾ ਤਾਂ ਉਹ ਉਸ ਤੋਂ ਅੱਗੇ ਭੱਜ-ਭੱਜ ਕੇ ਸੜਕ ਤੋਂ ਡੱਕੇ, ਰੋੜੇ, ਕਿੱਲ, ਪੱਤੀ ਆਦਿ ਚੁੱਕ ਕੇ ਪਰੇ ਕਰ ਦਿੰਦਾ। ਮੰਮੀ ਨਾਲ ਹੁੰਦਾ ਤਾਂ ਆਨੇ ਬਹਾਨੇ ਪਿੱਛੇ ਰਹਿ ਕੇ ਇਹੋ ਕੰਮ ਕਰਦਾ। ਜਦੋਂ ਉਸ ਦੀ ਮੰਮੀ ਪਿੱਛੇ ਉਸ ਨੂੰ ਦੇਖਦੀ ਤਾਂ 'ਕੁਛ ਨ੍ਹੀਂ ਕੀਤਾ' ਵਰਗੀ ਐਕਟਿੰਗ ਕਰਦਾ। ਇਕ ਦਿਨ ਦਾਦੇ ਨਾਲ ਜਾਂਦੇ ਨੂੰ ਮੈਂ ਪੁੱਛ ਲਿਆ, 'ਪੁੱਤਰ, ਇਹ ਕੰਮ ਤਾਂ ਬਹੁਤ ਚੰਗੈ, ਕਿੱਥੋਂ ਸਿੱਖਿਆ? ਨਾਲੇ ਮੰਮੀ ਤੋਂ ਚੋਰੀ ਕਿਉਂ ਕਰਦੈਂ?' ਬੱਚੇ ਦਾ ਉਤਰ ਸੀ, 'ਅੰਕਲ ਜੀ, ਇਕ ਫਿਲਮ ਵਿੱਚ ਭਗਤ ਪੂਰਨ ਸਿੰਘ ਇਉਂ ਰੋੜੇ ਚੁੱਕਦੇ ਸਨ ਤਾਂ ਕਿ ਲੋਕਾਂ ਦੇ ਪੈਰਾਂ 'ਚ ਨਾ ਲੱਗਣ। ਮੈਨੂੰ ਇੰਜ ਕਰਕੇ ਖੁਸ਼ੀ ਮਿਲਦੀ ਐ, ਪਰ ਮੰਮੀ ਮੈਨੂੰ ਇੰਜ ਕਰਨ ਨਹੀਂ ਦਿੰਦੇ, ਘੂਰਦੇ ਨੇ, ਬੱਸ ਤਾਂ ਕਰਕੇ।'

ਬੱਚੇ ਦਾ ਜੁਆਬ ਸੁਣਦਿਆਂ ਸਾਰ ਮੈਂ ਆਪਣੇ ਖੂਬਸੂਰਤ ਅਤੀਤ ਵਿੱਚ ਗੁਆਚ ਗਿਆ। ਕੋਰਸ ਕਰਨ ਲਈ ਵੱਡੇ ਸ਼ਹਿਰ ਜਾਣਾ ਸੀ ਤਾਂ ਬੇਬੇ ਨੇ ਕਿਹਾ ਸੀ, 'ਪੁੱਤ, ਮਿਹਨਤ ਕਰੀਂ। ਘਰੋਂ ਬਾਹਰ ਰਹਿ ਕੇ ਬੱਚੇ ਨਸ਼ਾ ਕਰਨ ਲੱਗ ਪੈਂਦੇ ਨੇ, ਬਚ ਕੇ ਰਹੀਂ। ਸਿਨਮੇ ਦੇ ਬਾਰ ਮੂਹਰੇ ਦੀ ਵੀ ਨਹੀਂ ਲੰਘਣਾ ਕਦੇ। ਸ਼ਹਿਰ ਵਿੱਚ ਆਪਣੇ ਰਿਸ਼ਤੇਦਾਰਾਂ ਦੇ ਜੁਆਕ ਫਿਲਮਾਂ ਦੇਖ ਕੇ ਵਿਗੜੇ ਨੇ।' ਮੈਂ ਸੱਤ ਬਚਨ ਕਹਿ ਕੇ ਚਲਾ ਗਿਆ। ਕੋਰਸ ਦੌਰਾਨ ਬੇਬੇ ਦੀ ਕਹੀ ਗੱਲ ਯਾਦ ਰੱਖੀ। ਕੋਰਸ ਤੋਂ ਬਾਅਦ ਇੰਟਰਵਿਊ ਹੋਈ ਅਤੇ ਨੌਕਰੀ ਦੀ ਚਿੱਠੀ ਦੀ ਉਡੀਕ ਹੋਣ ਲੱਗ ਪਈ। ਮੇਰੇ ਨਾਲ ਪੜ੍ਹਦੇ ਦੋਸਤ ਦਾ ਪਿਤਾ ਪੋਸਟ ਮਾਸਟਰ ਸੀ। ਮੈਂ ਉਨ੍ਹਾਂ ਨੂੰ ਚਿੱਠੀ ਦਾ ਖਿਆਲ ਰੱਖਣ ਲਈ ਬੇਨਤੀ ਕੀਤੀ, ਤੇ ਫਿਰ ਇਕ ਸ਼ਨਿੱਚਰਵਾਰ ਨੌਕਰੀ ਦੇ ਹੁਕਮਾਂ ਵਾਲੀ ਚਿੱਠੀ ਡਾਕਖਾਨੇ ਪਹੁੰਚ ਗਈ। ਐਤਵਾਰ ਸਵੇਰੇ-ਸਵੇਰੇ ਮੇਰਾ ਦੋਸਤ ਖੁਦ ਚਿੱਠੀ ਲੈ ਕੇ ਆਣ ਪੁੱਜਾ।

ਗਰੀਬ ਘਰ 'ਚ ਸਰਕਾਰੀ ਨੌਕਰੀ ਦੀ ਚਿੱਠੀ ਦਾ ਚਾਅ ਘਰ ਦੇ ਕਿਸੇ ਵੀ ਜੀਅ ਤੋਂ ਚੁੱਕਿਆ ਨਹੀਂ ਸੀ ਜਾ ਰਿਹਾ। ਬਾਪੂ ਨੇ 50 ਦਾ ਨੋਟ ਦਿੰਦਿਆਂ ਕਿਹਾ, 'ਪੁੱਤਰਾ, ਆਪਣੇ ਦੋਸਤ ਨੂੰ ਮਾਨਸਾ ਲੈ ਜਾ, ਬਹੁਤ ਚੰਗਾ ਸੁਨੇਹਾ ਲੈ ਕੇ ਆਇਐਂ, ਮੂੰਹ ਮਿੱਠਾ ਕਰਵਾ ਲਿਆ।' ਪੰਜਾਹਾਂ ਦਾ ਨੋਟ ਜੇਬ 'ਚ ਪਿਆ ਸਾਨੂੰ ਬਹੁਤ ਅਮੀਰ ਹੋਣ ਦਾ ਅਹਿਸਾਸ ਕਰਨਾ ਰਿਹਾ ਸੀ। ਅਸੀਂ ਦੋਵਾਂ ਨੇ ਪ੍ਰੋਗਰਾਮ ਬਣਾਇਆ ਕਿ ਦੋ ਦੋ ਪੈਗ ਲਾ ਕੇ ਫਿਲਮ ਦੇਖਾਂਗੇ, ਪਰ ਅਸੀਂ ਪਹਿਲਾਂ ਕਦੇ ਸ਼ਰਾਬ ਦਾ ਸਵਾਦ ਨਹੀਂ ਸੀ ਚਖਿਆ, ਡਰ ਸੀ ਕਿ ਪਹਿਲੀ ਵਾਰ ਕਿਤੇ ਕੁਝ ਹੋ ਨਾ ਜਾਵੇ। ਅਸੀਂ ਪ੍ਰੋਗਰਾਮ ਬਦਲ ਦਿੱਤਾ, ਪਹਿਲਾਂ ਫਿਲਮ ਤੇ ਫਿਰ ਸ਼ਰਾਬ ਦੀ ਸਲਾਹ ਬਣਾ ਕੇ ਟਿਕਟਾਂ ਲੈ ਕੇ ਸਿਨਮੇ ਜਾ ਵੜੇ। ਉਹ ਸ਼ਹਿਰੀ ਹੋਣ ਕਾਰਨ ਪਹਿਲਾਂ ਸਿਨਮਾ ਵੇਖ ਚੁੱਕਾ ਸੀ, ਪਰ ਮੇਰੇ ਵਾਸਤੇ ਇਹ ਨਵੇਂ ਯੁੱਗ ਦੀ ਸ਼ੁਰਆਤ ਸੀ। ਫਿਲਮ ਸ਼ੁਰੂ ਹੋਈ, ਪੂਰੀ ਫਿਲਮ ਦੇਖਦਿਆਂ ਅਸੀਂ ਇਕ ਦੂਜੇ ਨਾਲ ਅੱਖਾਂ ਨਾ ਮਿਲਾ ਸਕੇ, ਕਿਉਂਕਿ ਉਸ ਫਿਲਮ ਦੇ ਸ਼ਰਾਬ ਪੀਣ ਵਾਲੇ ਪਾਤਰਾਂ ਦੇ ਘਰ ਲੜਾਈ, ਝਗੜੇ, ਬਰਬਾਦੀ ਤੇ ਅਖੀਰ ਵਿੱਚ ਮੌਤ! ਇਹ ਫਿਲਮ ਸੀ 'ਸਰਪੰਚ'।

ਪੂਰੀ ਫਿਲਮ ਦੇਖ ਕੇ ਬਾਹਰ ਨਿਕਲੇ, ਇਕ ਦੂਜੇ ਨਾਲ ਅੱਖਾਂ ਮਿਲੀਆਂ। ਨਜ਼ਰਾਂ ਇਹ ਕਹਿੰਦੀਆਂ ਜਾਪਦੀਆਂ ਸਨ, 'ਤੂੰ ਪੀਣੀ ਐ ਤਾਂ ਪੀ ਲੈ, ਮੈਂ ਨਹੀਂ ਪੀਣੀ।' ਫਿਰ ਅਸੀਂ ਮਠਿਆਈ ਦੀ ਦੁਕਾਨ 'ਤੇ ਗਏ। ਦੁੱਧ ਨਾਲ ਬਰਫੀ ਖਾਧੀ। ਇਕ ਦੂਜੇ ਨਾਲ ਜ਼ਿੰਦਗੀ ਭਰ ਸ਼ਰਾਬ ਨਾ ਪੀਣ ਦਾ ਵਾਅਦਾ ਕਰਕੇ ਬੱਸ 'ਚ ਬੈਠ ਗਏ।

ਆਪਣੇ ਇਸ ਅਤੀਤ ਵਿੱਚੋਂ ਬਾਹਰ ਨਿਕਲਿਆ ਤਾਂ ਬੱਚਾ ਅਤੇ ਉਸ ਦਾ ਦਾਦਾ ਦੂਰ ਨਿਕਲ ਚੁੱਕੇ ਸਨ। ਪ੍ਰੇਰਨਾ ਮਈ ਪਲਾਂ ਵਿੱਚੋਂ ਲੰਘਦਿਆਂ ਦਿਲ 'ਚੋਂ ਬੱਚੇ ਲਈ ਅਸੀਸਾਂ ਦੀਆਂ ਨਦੀਆਂ ਵਗਣ ਲੱਗ ਪਈਆਂ।

# ਸੜਕਾਂ ਉੱਤੇ ਫਿਰਦੀ ਲੈਬਾਰਟਰੀ

-ਤਰਸੇਮ ਲੰਡੇ

ਬੀ ਏ ਕਰਨ ਪਿੱਛੋਂ ਲੈਬਰਾਟਰੀ ਟੈਕਨੀਸ਼ੀਅਨ ਡਿਪਲੋਮਾ ਕਰਨ ਦੀ ਸੋਚੀ। ਮੇਰੇ ਨਾਲ ਹੀ ਪਿੰਡ ਦੇ ਇਕ ਦੋਸਤ ਨੇ ਇਹ ਡਿਪਲੋਮਾ ਕਰਨ ਦਾ ਮਨ ਬਣਾ ਲਿਆ ਤੇ ਅਸੀਂ ਲੁਧਿਆਣੇ ਸਿਵਲ ਲਾਈਨਜ਼ ਦੇ ਇਕ ਇੰਸਟੀਚਿਊਟ ਵਿੱਚ ਦਾਖਲਾ ਲੈ ਲਿਆ। ਪਿੰਡ ਛੱਡ ਕੇ 'ਪੀ ਜੀ' ਵਿੱਚ ਰਹਿਣਾ ਬੜਾ ਮੁਸ਼ਕਿਲ ਸੀ, ਪਰ ਹੌਲੀ-ਹੌਲੀ ਪੈਰ ਲੱਗ ਗਏ। ਮਹੀਨੇ ਕੁ ਬਾਅਦ ਪਿੰਡ ਗੇੜਾ ਮਾਰ ਜਾਣਾ। ਇਸੇ ਬਹਾਨੇ ਪਿਤਾ ਜੀ ਤੋਂ ਖਰਚਾ ਅਤੇ ਮਾਂ ਦੇ ਹੱਥ ਦੀਆਂ ਰੋਟੀਆਂ ਮਿਲ ਜਾਂਦੀਆਂ। ਇਸੇ ਤਰ੍ਹਾਂ ਸਾਲ ਗੁਜ਼ਰ ਗਿਆ ਅਤੇ ਡਿਪਲੋਮਾ ਪੂਰਾ ਹੋ ਗਿਆ।

ਅੱਗੇ ਕਿਸੇ ਲੈਬਾਰਟਰੀ ਵਿੱਚ ਕੰਮ ਸਿੱਖਣ ਦਾ ਮਨ ਬਣਾ ਲਿਆ ਤਾਂ ਜੋ ਆਪਣੀ ਕੋਈ ਲੈਬਾਰਟਰੀ ਖੋਲ੍ਹ ਸਕੀਏ। ਲੁਧਿਆਣੇ ਇਕ ਡਾਇਗ-ਨੋਸਟਿਕ ਸੈਂਟਰ ਵਿੱਚ ਨੌਕਰੀ ਮਿਲ ਗਈ। ਇਥੇ ਬਲੱਡ ਟੈਸਟਿੰਗ ਘੱਟ ਅਤੇ 'ਬਲੱਡ ਕੁਲੈਕਸ਼ਨ ਸੈਂਟਰ' ਦਾ ਕੰਮ ਵਧੇਰੇ ਸੀ। ਵੱਖ-ਵੱਖ ਹਸਪਤਾਲਾਂ ਵਿੱਚੋਂ ਸੈਂਪਲ ਇਕੱਠੇ ਕਰਕੇ ਸ਼ਾਮ ਨੂੰ ਵੱਖ-ਵੱਖ ਮੁੱਖ ਸੈਂਟਰਾਂ ਜਿਵੇਂ ਨੋਇਡਾ, ਦਿੱਲੀ, ਕੋਲਕਾਤਾ, ਮੁੰਬਈ ਆਦਿ ਸ਼ਹਿਰਾਂ ਨੂੰ ਕੋਰੀਅਰ ਰਾਹੀਂ ਭੇਜੇ ਜਾਂਦੇ ਸਨ। ਕੁਲੈਕਸ਼ਨ ਲਈ ਮੈਂ ਲੁਧਿਆਣਾ ਅਤੇ ਮੈਥੋਂ ਸੀਨੀਅਰ ਮੁੰਡਾ ਜੌਹਨੀ ਜਲੰਧਰ ਤੋਂ ਸੈਂਪਲ ਇਕੱਠੇ ਕਰਦੇ ਸਾਂ। ਸੈਂਪਲ ਇਕੱਠੇ ਕਰਦਿਆਂ ਜੇਠ ਹਾੜ੍ਹ ਦੀ ਧੁੱਪ, ਨੰਗੇ ਸਿਰ ਉਤੇ ਹੀ ਗੁਜ਼ਰਦੀ ਸੀ। ਕਦੀ ਦਸ ਕੁ ਮਿੰਟ ਪਸੀਨਾ ਸੁਕਾਉਣ ਲਈ ਪੱਖੇ ਹੇਠ ਬੈਠ ਜਾਣਾ ਤਾਂ ਡਾਕਟਰ ਨੇ ਝੱਟ ਕਹਿਣਾ, 'ਜਾਓ ਫਲਾਣੇ ਹਸਪਤਾਲ 'ਚੋਂ ਸੈਂਪਲ ਲੈ ਕੇ ਆਓ।' ਕਦੀ ਕਹਿਣਾ, 'ਜਾਓ ਅਰਜੈਂਟ ਹੈ, ਰਿਪੋਰਟ ਦੇ ਕੇ ਆਓ।' ਇੰਨਾ ਜ਼ਰੂਰ ਸੀ ਕਿ ਦੂਜੇ ਹਸਪਤਾਲ ਦੇ ਡਾਕਟਰਾਂ ਤੇ ਸਟਾਫ ਨਾਲ ਜਾਣ ਪਛਾਣ ਵਾਹਵਾ ਹੋ ਗਈ ਅਤੇ ਸਾਰਾ ਕੰਮ ਹੱਥੀਂ ਕਰਨ ਦਾ ਤਰੀਕਾ ਵੀ ਸਿੱਖ ਲਿਆ। ਸਵੇਰੇ ਤਾਰਿਆਂ ਦੀ ਲੋਏ ਉਠਣਾ, ਫਿਰ ਚੱਲ ਸੋ ਚੱਲ।

ਇਨ੍ਹੀਂ ਦਿਨੀਂ ਡਾਕਟਰ ਨੂੰ ਜੌਹਨੀ ਵਾਧੂ ਜਾਪਣ ਲੱਗ ਪਿਆ। ਪਰਵਾਰ ਤੇ ਬੱਚਿਆਂ ਦੀਆਂ ਫੀਸਾਂ ਦਾ ਭਾਰ ਉਸ ਦੇ ਮੋਢਿਆ 'ਤੇ ਸੀ। ਉਸ ਨੇ ਆਪਣੀ ਤਨਖਾਹ ਵਧਾਉਣ ਲਈ ਅਜੇ ਕਿਹਾ ਸੀ ਕਿ ਡਾਕਟਰ ਭੜਕ ਪਿਆ, 'ਜੇ ਕਿਧਰੇ ਕੋਈ ਹੋਰ ਕੰਮ ਮਿਲਦਾ ਤਾਂ ਦੇਖਲੈ, ਮੈਂ ਵੀ ਆਪਣਾ ਘਰ ਚਲਾਉਣੈ।' ਆਖਰ ਉਸ ਨੇ ਨੌਕਰੀ ਛੱਡ ਦਿੱਤੀ। ਜੌਹਨੀ ਤੋਂ ਬਾਅਦ ਜਲੰਧਰ ਵਾਲਾ ਸਾਰਾ ਕੰਮ ਮੇਰੇ ਸਿਰ ਆ ਪਿਆ। ਮੇਰਾ ਰੇਲ ਗੱਡੀ ਦਾ ਰੋਜ਼ਾਨਾ ਵਾਲਾ ਪਾਸ ਬਣ ਚੁੱਕਾ ਸੀ। ਸੈਂਪਲ ਇਕੱਠੇ ਕਰਨ ਲਈ ਮੇਰੇ ਵਾਸਤੇ ਅੱਧ ਪੁਰਾਣਾ ਜਿਹਾ ਸਾਈਕਲ ਜਲੰਧਰ ਰੇਲਵੇ ਸਟੇਸ਼ਨ 'ਤੇ ਰੱਖ ਦਿੱਤਾ ਗਿਆ। ਇਹ ਜ਼ਿੰਮੇਵਾਰੀ ਲੁਧਿਆਣੇ ਤੋਂ ਵੀ ਔਖੀ ਸੀ। ਸਵੇਰੇ ਜਲਦੀ ਉਠਣਾ, ਨਹਾਉਣਾ, ਖਾਣਾ ਬਣਾਉਣਾ, ਤਿਆਰ ਹੋਣਾ, ਰੋਟੀ ਟਿਫਨ ਵਿੱਚ ਪਾ ਕੇ ਬੈਗ ਚੁੱਕ ਰੇਲਵੇ ਸਟੇਸ਼ਨ ਵੱਲ ਭੱਜਣਾ ਕਿ ਕਿਧਰੇ ਗੱਡੀ ਨਾ ਨਿਕਲ ਜਾਵੇ। ਜਲੰਧਰ ਰੇਲਵੇ ਸਟੇਸ਼ਨ ਤੋਂ ਕਪੂਰਥਲਾ ਚੌਕ, ਕਿਡਨੀ ਹਸਪਤਾਲ, ਕੈਂਟ, ਬੱਸ ਸਟੈਂਡ, ਮੇਨ ਬਾਜ਼ਾਰ ਹੁੰਦਾ ਹੋਇਆ ਰੇਲਵੇ ਸਟੇਸ਼ਨ ਪੁੱਜਣਾ। ਦਿਨ ਭਰ ਸਾਈਕਲ ਚਲਾਉਂਦਿਆਂ ਪੱਟ ਫੁੱਲ ਜਾਂਦੇ। ਸਰੀਰ ਦਾ ਧੂੰਆਂ ਨਿਕਲ ਜਾਣਾ। ਇਹ ਘਾਲਣਾ ਘਾਲਦਿਆਂ ਸਾਲ ਨਿਕਲ ਗਿਆ। ਆਸ ਉਹੀ ਕਿ ਆਪਣੀ ਲੈਬਾਰਟਰੀ ਖੋਲ੍ਹਾਂਗਾ। ਇਸੇ ਆਸ ਵਿੱਚ ਸਰੀਰ ਦਾ ਵਜ਼ਨ 44 ਕਿਲੋ ਰਹਿ ਗਿਆ।

ਉਸ ਦਿਨ ਐਤਵਾਰ ਸੀ, ਪਿਤਾ ਜੀ ਮਿਲਣ ਪੁੱਜ ਗਏ। ਮੇਰੀ ਤੇ ਮੇਰੇ ਰਹਿਣ ਦੀ ਹਾਲਤ ਦੇਖ ਉਨ੍ਹਾਂ ਮੈਨੂੰ ਵਾਪਸ ਪਿੰਡ ਜਾਣ ਦੀ ਰਾਏ ਦਿੱਤੀ। ਜਾਣ ਵੇਲੇ ਖਰਚ ਲਈ 2500 ਰੁਪਏ ਦਿੰਦਿਆਂ ਉਨ੍ਹਾਂ ਕਿਹਾ, 'ਆਪਣੇ ਡਾਕਟਰ ਨੂੰ ਕਹਿ ਦਈਂ, ਅਗਲੇ ਮਹੀਨੇ ਕੰਮ ਛੱਡ ਦੇਣਾ। ਆਪਾਂ ਉਥੇ ਕਿਤੇ ਹੋਰ ਦੇਖ ਲਵਾਂਗੇ।' ਪਿਤਾ ਜੀ ਦੇ ਚਿਹਰੇ ਵੱਲ ਦੇਖ ਮੇਰੀਆਂ ਅੱਖਾਂ ਭਰ ਆਈਆਂ। ਅਗਲੇ ਦਿਨ ਪਿਤਾ ਜੀ ਵਾਲੀ ਗੱਲ ਡਾਕਟਰ ਨੂੰ ਕਹਿ ਦਿੱਤੀ। ਡਾਕਟਰ ਨੇ ਮੇਰੀ ਥਾਂ ਕੋਈ ਪ੍ਰਬੰਧ ਨਾ ਕੀਤਾ, ਪਰ ਮੈਨੂੰ ਰੋਕਣ ਦੇ ਪੂਰੇ ਯਤਨ ਕੀਤੇ। ਅੰਤ ਡਾਕਟਰ ਨੇ ਖਿੱਝ ਕੇ ਕਿਹਾ, 'ਤੈਨੂੰ ਪਤੈ, ਤੇਰੇ ਘਰ ਦੇ ਚੁੱਲ੍ਹੇ ਦੀ ਅੱਗ ਇਸ ਕੰਮ ਨਾਲ ਮੱਚਣੀ ਐ..।'

ਇਹ ਗੱਲ ਮੈਨੂੰ ਕੌੜੀ ਲੱਗੀ। ਮੇਰੇ ਜ਼ਿਹਨ ਵਿੱਚ ਜੌਹਨੀ ਦੇ ਘਰ ਦੇ ਚੁੱਲ੍ਹੇ ਦੀ ਅੱਗ ਘੁੰਮਣ ਲੱਗੀ, ਜੋ ਇਸ ਬੰਦੇ ਨੇ ਬੁਝਾਈ ਸੀ। ਇਹ ਵੀ ਪਤਾ ਸੀ ਕਿ ਜਿਸ ਦਿਨ ਕੋਈ ਹੋਰ ਮੁੰਡਾ ਆ ਗਿਆ, ਮੇਰੀ ਛੁੱਟੀ ਪੱਕੀ ਹੈ। ਵੱਧ ਤਨਖਾਹ ਦੀ ਫਿਰ ਪੇਸ਼ਕਸ਼ ਹੋਈ, ਪਰ ਇਕ ਦਿਨ ਮੈਂ ਹਿਸਾਬ ਕਰਕੇ ਪਿੰਡ ਚਾਲੇ ਪਾ ਦਿੱਤੇ। ਨਵੇਂ ਸਿਰਿਓਂ ਫਿਰ ਕਮਰ ਕੱਸੀ ਅਤੇ ਬੀ ਐਡ ਕਰ ਲਈ, ਹੁਣ ਬੱਚਿਆਂ ਨੂੰ ਪੜ੍ਹਾਉਂਦਾ ਹਾਂ।

# ਸਮਾਜੀ ਸੱਥ: ਪੰਜ ਸਾਲ ਬਾਅਦ ਯਾਦ ਆਉਂਦੈ ਚੁੱਲ੍ਹਾ ਟੈਕਸ

-ਰਾਜਵਿੰਦਰ ਰਾਜੂ-

ਪੰਜਾਬ ਅੰਦਰ ਇੱਕ ਅਜਿਹਾ ਪੁਰਾਤਨ ਟੈਕਸ ਹੈ, ਜੋ ਸਿਰਫ ਪੰਜ ਸਾਲਾਂ ਬਾਅਦ ਹੀ ਭਰਾਉਣਾ ਯਾਦ ਆਉਂਦਾ ਹੈ ਅਤੇ ਉਹ ਵੀ ਸਿਰਫ ਕੁਝ ਬੰਦਿਆਂ ਨੇ ਭਰਨਾ ਹੁੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਟੈਕਸ ਦਾ ਸੂਬੇ ਦੇ ਬਜਟ ਵਿੱਚ ਕੋਈ ਹਿਸਾਬ ਨਹੀਂ ਰੱਖਿਆ ਜਾਂਦਾ ਤੇ ਖਜ਼ਾਨੇ ਵਿੱਚ ਇਸ ਦਾ ਕੋਈ ਨਾਮ-ਥੇਹ ਨਹੀਂ। ਕਿੱਥੇ ਖਰਚਿਆਂ ਜਾਂਦਾ, ਖਰਚਣ ਦੇ ਨਿਯਮ ਤੇ ਅਧਿਕਾਰ ਕੀ ਹਨ, ਕਿੰਨਾ ਖਰਚਣਾ, ਕਿੰਨੇ ਚਿਰ ਵਿੱਚ ਖਰਚਣਾ, ਕਿਸ ਮੱਦ ਹੇਠ ਕਿੱਥੇ ਜਮ੍ਹਾ ਹੋਣਾ ਹੈ, ਇਸ ਦਾ ਕੋਈ ਵੀ ਲਿਖਤੀ ਨਿਯਮ ਨਹੀਂ, ਪਰ ਪਰਚੀ ਕੱਟਣੀ ਪੈਂਦੀ ਹੈ, ਉਹ ਵੀ ਸਿਰਫ ਪੰਚਾਇਤੀ ਚੋਣ ਵੇਲੇ। ਇਹ 'ਚੁੱਲ੍ਹਾ ਟੈਕਸ' ਹੈ, ਜਿਸ ਨੂੰ ਪੰਜ ਸਾਲਾਂ ਲਈ ਤਾਰਦੇ ਨੇ ਸਿਰਫ ਚੋਣਾਂ ਵਿੱਚ ਕਿਸਮਤ ਅਜਮਾਉਣ ਵਾਲੇ ਪੰਚ ਤੇ ਸਰਪੰਚ ਦੇ ਦੋ-ਦੋ ਕਵਰਿੰਗ ਉਮੀਦਵਾਰ।

ਰਾਜ ਵਿੱਚ ਅੱਜ ਤੱਕ ਹੋਈਆਂ ਪੰਚਾਇਤੀ ਚੋਣਾਂ ਵਿੱਚ ਕੁੱਲ ਕਿੰਨਾ ਚੁੱਲ੍ਹਾ ਟੈਕਸ ਜਮ੍ਹਾ ਹੋਇਆ, ਪੰਚਾਇਤ ਵਿਭਾਗ ਕੋਲ ਜਾਂ ਜ਼ਿਲ੍ਹਾ ਪੱਧਰ 'ਤੇ ਇਸ ਦਾ ਕੋਈ ਲਿਖਤੀ ਹਿਸਾਬ ਤੇ ਅਤਾ-ਪਤਾ ਨਹੀਂ ਮਿਲਦਾ। ਦਿਲਚਸਪ ਗੱਲ ਹੈ ਕਿ ਪੰਜਾਬ ਪੰਚਾਇਤੀ ਰਾਜ ਕਾਨੂੰਨ 1952 ਦੀ ਵਿਵਸਥਾ ਸੀ ਕਿ ਹਰ ਪਿੰਡ ਵਿੱਚ ਹਰ ਪਰਵਾਰ ਨੂੰ ਸਾਲਾਨਾ ਚੁੱਲ੍ਹਾ ਟੈਕਸ ਭਰਨਾ ਹੁੰਦਾ ਸੀ, ਜਿਸ ਦੀ ਉਗਰਾਹੀ ਉਸ ਵੇਲੇ ਸਰਪੰਚ ਰਾਹੀਂ ਕਰਵਾ ਲਈ ਜਾਂਦੀ ਸੀ, ਪਰ ਉਸ ਪਿੱਛੋਂ ਇਸ ਪੰਚਾਇਤੀ ਰਾਜ ਕਾਨੂੰਨ ਵਿੱਚ ਕਈ ਸੋਧਾਂ ਹੋ ਚੁੱਕੀਆਂ ਹਨ ਅਤੇ ਤਾਜ਼ਾ ਸੋਧੇ ਹੋਏ 2012 ਦੇ ਕਾਨੂੰਨ ਅਤੇ ਇਸ ਬਾਰੇ ਪੰਚਾਇਤ ਵਿਭਾਗ ਵੱਲੋਂ ਬਣਾਏ ਨਿਯਮਾਂ ਵਿੱਚ ਇਸ ਚੁੱਲ੍ਹਾ ਟੈਕਸ ਦਾ ਕੋਈ ਵੀ ਜ਼ਿਕਰ ਤੱਕ ਨਹੀਂ। ਇਥੋਂ ਤੱਕ ਕਿ ਪੰਚਾਇਤ ਵਿਭਾਗ ਕੋਲ ਚੁੱਲ੍ਹਾ ਟੈਕਸ ਉਗਰਾਹੁਣ, ਜਮ੍ਹਾ ਕਰਵਾਉਣ ਅਤੇ ਖਰਚਣ ਦਾ ਕੋਈ ਲਿਖਤੀ ਨਿਯਮ ਮੌਜੂਦ ਨਹੀਂ। ਉਕਤ ਸਥਿਤੀ ਦੇ ਮੱਦੇਨਜ਼ਰ ਪੰਚਾਇਤ ਵਿਭਾਗ ਵਿੱਚ ਲਾ-ਕਾਨੂੰਨੀ ਇਥੋਂ ਤੱਕ ਹੈ ਕਿ ਜੇ ਕਿਸੇ ਵਿਅਕਤੀ ਨੇ ਪਿੰਡ ਦੇ ਸਰਪੰਚ ਜਾਂ ਪੰਚ ਦੇ ਅਹੁਦੇ ਲਈ ਚੋਣ ਲੜਨੀ ਹੋਵੇ ਤਾਂ ਉਸ ਵੱਲੋਂ ਤੇ ਉਸ ਦੇ ਕਵਰਿੰਗ ਉਮੀਦਵਾਰਾਂ ਵੱਲੋਂ ਇਹ ਚੁੱਲ੍ਹਾ ਟੈਕਸ ਭਰਿਆ ਹੋਣਾ ਚਾਹੀਦਾ ਹੈ। ਆਮ ਵਰਗ ਲਈ ਸੱਤ ਰੁਪਏ, ਪੱਛੜੀਆਂ ਸ਼੍ਰੇਣੀਆਂ ਲਈ ਪੰਜ ਤੇ ਅਨੁਸੂਚਿਤ ਜਾਤਾਂ ਨੂੰ ਤਿੰਨ ਰੁਪਏ ਸਾਲਾਨਾ ਚੁੱਲ੍ਹਾ ਟੈਕਸ ਲੱਗਦਾ ਦੱਸਿਆ ਜਾਂਦਾ ਹੈ, ਪਰ ਇਸ ਬਾਰੇ ਪਿੰਡਾਂ 'ਚ ਆਮ ਵਿਅਕਤੀਆਂ ਨੂੰ ਜਾਣਕਾਰੀ ਨਹੀਂ।

ਪ੍ਰਚਲਿਤ ਰਵਾਇਤ ਮੁਤਾਬਕ ਚੋਣਾਂ ਵੇਲੇ ਸੰਬੰਧਤ ਪਿੰਡ ਦੀ ਪੰਚਾਇਤ ਦਾ ਸਕੱਤਰ ਰੁਪਏ ਜਮ੍ਹਾ ਕਰਵਾਉਣ ਪਿੱਛੋਂ ਫਾਰਮ ਨੰਬਰ ਚਾਰ ਵਿੱਚ ਭਰ ਕੇ ਇਸ ਚੁੱਲ੍ਹਾ ਟੈਕਸ ਦੀ ਰਸੀਦ ਦਿੰਦਾ ਹੈ ਅਤੇ ਅੱਗੋਂ ਪੰਚਾਇਤ ਸਕੱਤਰ ਵੱਲੋਂ ਇੱਕਠੀ ਹੋਈ ਕੁੱਲ ਰਕਮ ਪੰਚਾਇਤ ਦੇ ਅਧਿਕਾਰਤ ਬੈਂਕ ਖਾਤੇ ਵਿੱਚ ਜਮ੍ਹਾ ਕਰਾਉਣੀ ਹੁੰਦੀ ਹੈ। ਜੇ ਇਹ ਅਣਸੂਚੀ ਦਰਜ ਟੈਕਸ ਉਮੀਦਵਾਰਾਂ ਵੱਲੋਂ ਨਾ ਭਰਿਆ ਜਾਵੇ ਤਾਂ ਲੋਕਤੰਤਰ ਦੀ ਸਭ ਤੋਂ ਹੇਠਲੇ ਪੱਧਰ ਦੀ ਚੋਣ ਵਿੱਚ ਚਾਹਵਾਨਾਂ ਦੇ ਨਾਮਜ਼ਦਗੀ ਕਾਗਜ਼ਾਂ ਨਾਲ 'ਨੋ ਆਬਜੈਕਸ਼ਨ ਸਰਟੀਫਿਕੇਟ' ਨਾ ਹੋਣ ਉੱਤੇ ਉਮੀਦਵਾਰੀ ਰੱਦ ਕਰ ਕੇ ਚੋਣ ਲੜਨ ਤੋਂ ਅਯੋਗ ਠਹਿਰਾਏ ਜਾ ਸਕਦੇ ਨੇ। ਮੁੜ ਪੰਜ ਸਾਲ ਇਸ ਬਾਰੇ ਕੋਈ ਗੌਰ ਨਹੀਂ ਕਰਦਾ। ਹੈ ਨਾ ਜੱਗੋਂ ਤੇਰਵੀਂ ਗੱਲ।

ਕਿਸੇ ਵੇਲੇ ਪੂਰੀ 'ਚੜ੍ਹਤ' ਵਾਲਾ ਇਹ ਚੁੱਲ੍ਹਾ ਟੈਕਸ ਅੱਜਕੱਲ੍ਹ ਹਰ ਬੰਦੇ ਲਈ ਬੁਝਾਰਤ ਬਣ ਕੇ ਰਹਿ ਗਿਆ ਹੈ। ਸ਼ਹਿਰਾਂ ਵਿੱਚ ਲੱਗਦੇ ਮਕਾਨ ਟੈਕਸ ਵਾਂਗ ਪਿੰਡਾਂ ਵਿੱਚ ਚੁੱਲ੍ਹਾ ਟੈਕਸ ਲੋਕਾਂ ਉੱਤੇ ਲੱਗਦਾ ਇੱਕੋ ਇੱਕ ਟੈਕਸ ਹੈ ਜਿਸ ਨੂੰ ਪੰਚਾਇਤਾਂ ਆਪਣੇ ਪੱਧਰ 'ਤੇ ਇਕੱਠਾ ਨਹੀਂ ਕਰਦੀਆਂ ਅਤੇ ਨਾ ਇਸ ਦਾ ਹਿਸਾਬ ਰੱਖਦੀਆਂ ਹਨ, ਪਰ ਟੈਕਸ ਦਾਤਾ ਨੂੰ ਹਰ ਪੰਜ ਸਾਲ ਬਾਅਦ ਖੁਦ ਜਮ੍ਹਾ ਕਰਵਾਉਣਾ ਪੈਂਦਾ ਹੈ। ਪੰਚੀ-ਸਰਪੰਚੀ ਦੀ ਚੋਣ ਲੜਨ ਵਾਲੇ ਹਰ ਉਮੀਦਵਾਰ ਨੂੰ ਪੰਜ ਸਾਲਾਂ ਦੇ ਪੈਸੇ ਭਰਨੇ ਪੈਂਦੇ ਤੇ ਦੋ ਗਵਾਹਾਂ ਭਾਵ ਕਵਰਿੰਗ ਉਮੀਦਵਾਰਾਂ ਨੂੰ ਵੀ ਇੰਨੀ ਰਕਮ ਭਰਨੀ ਪੈਂਦੀ ਹੈ। ਸਿਤਮ ਜ਼ਰੀਫੀ ਇਹ ਹੈ ਕਿ ਐਤਕੀਂ ਰਾਜ ਵਿੱਚ ਕਈ ਥਾਵਾਂ 'ਤੇ ਪੰਜ ਸਾਲਾਂ ਦਾ, ਜਦ ਕਿ ਕਈ ਥਾਵਾਂ 'ਤੇ ਦਸ ਸਾਲ ਲਈ ਜਾਂ ਜਿਸ ਸਾਲ ਤੋਂ ਸੰਬੰਧਤ ਵਿਅਕਤੀ ਨੇ ਇਹ ਟੈਕਸ ਨਹੀਂ ਦਿੱਤਾ ਜਾਂ ਜਦੋਂ ਤੋਂ ਉਹ ਬਾਲਗ ਹੋਇਆ ਹੈ, ਇਹ ਚੁੱਲ੍ਹਾ ਟੈਕਸ ਵਸੂਲਿਆ ਗਿਆ ਹੈ। ਇਸ ਵਾਰ ਸੂਬੇ ਦੀਆਂ ਕੁੱਲ 13276 ਪੰਚਾਇਤਾਂ ਲਈ 13276 ਸਰਪੰਚ ਅਤੇ 83831 ਪੰਚ ਚੁਣੇ ਜਾਣੇ ਹਨ ਤੇ ਇਨ੍ਹਾਂ ਸਾਰੀਆਂ ਅਹੁਦੇਦਾਰੀਆਂ ਲਈ ਕੁੱਲ 214714 ਨਾਮਜ਼ਦਗੀ ਪੱਤਰ ਭਰੇ ਗਏ ਜਿਨ੍ਹਾਂ ਵਿੱਚ ਸਰਪੰਚੀ ਲਈ 48111 ਜਦੋਂ ਕਿ ਪੰਚਾਂ ਦੇ ਅਹੁਦਿਆਂ ਲਈ ਕੁੱਲ 162838 ਨਾਮਜ਼ਦਗੀ ਪੱਤਰ ਦਾਖਲ ਹੋਏ।

ਮੋਟੇ ਜਿਹੇ ਹਿਸਾਬ ਨਾਲ ਇਸ ਵਾਰ ਜੇ ਸਿਰਫ ਪਿਛਲੇ ਪੰਜ ਸਾਲਾਂ ਦੇ ਉਗਰਾਹੇ ਟੈਕਸ ਦੇ ਅੰਕੜੇ ਦੇਖੀਏ ਤਾਂ ਅੰਦਾਜ਼ਨ 2।25।44,970 ਰੁਪਏ ਬੀ ਡੀ ਪੀ ਓ ਦਫਤਰਾਂ ਵਿੱਚ ਜਮ੍ਹਾ ਹੋਏ ਹਨ, ਪਰ ਇਹ ਅੰਕੜਾ ਇਸ ਤੋਂ ਵੱਧ ਹੈ ਕਿਉਂਕਿ ਹਾਲੇ ਉਗਰਾਹੇ ਚੁੱਲ੍ਹਾ ਟੈਕਸ ਦੇ ਪੂਰੇ ਵੇਰਵੇ ਨਹੀਂ ਮਿਲੇ। ਇਸ ਵਾਰ ਦੀਆਂ ਪੰਚਾਇਤੀ ਚੋਣਾਂ ਵਿੱਚ ਉਮੀਦਵਾਰਾਂ ਵੱਲੋਂ ਕੀਤੇ ਖਰਚ ਅਤੇ ਦਾਰੂ ਦੇ ਚਲਨ ਨੇ ਹੁਣ ਤੱਕ ਦੇ ਸਭ ਰਿਕਾਰਡ ਤੋੜ ਦਿੱਤੇ ਹਨ। ਨਾਮਜ਼ਦਗੀ ਕਾਗਜ਼ਾਂ ਦੀ ਵਾਪਸੀ ਅਤੇ ਸਰਬ ਸੰਮਤੀਆਂ ਹੋਣ ਪਿੱਛੋਂ ਜੋ ਸਥਿਤੀ ਸਪੱਸ਼ਟ ਹੋਈ ਹੈ ਉਸ ਮੁਤਾ-ਬਕ 28375 ਪੰਜਾਬੀ ਸਰਪੰਚੀ ਲਈ ਜ਼ੋਰ ਲਾ ਰਹੇ ਸਨ, ਜਦ ਕਿ 104027 ਵਿਅਕਤੀ ਪੰਚੀ ਲਈ ਚੋਣ ਮੈਦਾਨ ਵਿੱਚ ਕਿਸਮਤ ਅਜਮਾ ਰਹੇ ਸਨ। ਚੋਣ ਕਮਿਸ਼ਨ ਵੱਲੋਂ ਭਾਵੇਂ ਸਰਪੰਚ ਦੀ ਚੋਣ ਲੜ ਰਹੇ ਉਮੀਦਵਾਰ ਲਈ ਖਰਚ ਦੀ ਹੱਦ 30 ਹਜ਼ਾਰ ਅਤੇ ਪੰਚ ਲਈ 20 ਹਜ਼ਾਰ ਰੁਪਏ ਤੈਅ ਕੀਤੀ ਗਈ, ਪਰ ਖੁੱਲ੍ਹਾ ਖਰਚਣ ਵਾਲੇ ਪੰਜਾਬੀ ਇਸ ਹੱਦ ਤੋਂ ਕਿਤੇ ਅੱਗੇ ਲੰਘ ਚੁੱਕੇ ਸਨ। ਹੈਰਾਨੀ ਦੀ ਗੱਲ ਹੈ ਕਿ ਕਰਜ਼ਾਈ ਹੋਏ ਪੰਜਾਬ ਅਤੇ ਪਿੰਡਾਂ ਦੇ 'ਚੌਧਰੀਆਂ' ਨੇ ਐਤਕੀਂ ਇੱਕ ਅੰਦਾਜ਼ੇ ਮੁਤਾਬਕ ਹਰ ਸਰਪੰਚੀ ਚੋਣ ਲਈ ਘੱਟੋ ਘੱਟ ਇੱਕ ਲੱਖ ਅਤੇ ਵੱਧ ਤੋਂ ਵੱਧ ਪੰਜ ਲੱਖ ਰੁਪਏ ਵੋਟਰਾਂ ਦੇ 'ਸੇਵਾ ਪਾਣੀ' ਆਦਿ 'ਤੇ ਖਰਚੇ ਹਨ, ਜਦ ਕਿ ਪੰਚੀ ਦੀ ਚੋਣ ਲਈ ਅੰਦਾਜ਼ਨ ਵੀਹ ਤੋਂ ਪੰਜਾਹ ਹਜ਼ਾਰ ਰੁਪਏ ਤੱਕ ਖਰਚਾ ਕੀਤਾ ਗਿਆ ਦੱਸਿਆ ਜਾਂਦਾ ਹੈ।

ਜੇ ਇਸ ਖਰਚੇ ਨੂੰ ਜੋੜੀਏ ਤਾਂ ਦੇਸ਼ ਵਾਸੀ ਹੈਰਾਨ ਹੋਣਗੇ ਕਿ ਕਰਜ਼ਾ ਮੁਆਫੀ ਦੀ ਦੁਹਾਈ ਦੇਣ ਵਾਲੇ ਪੰਜਾਬ ਨੇ ਸਿਰਫ ਪੰਦਰਾਂ ਦਿਨਾਂ ਵਿੱਚ ਸਭ ਤੋਂ ਛੋਟੀਆਂ ਚੋਣਾਂ ਵਿੱਚ ਅੰਦਾਜ਼ਨ 500 ਕਰੋੜ ਰੁਪਏ ਪਾਣੀ ਵਾਂਗ ਵਹਾਏ ਹਨ ਜਿਨ੍ਹਾਂ ਵਿੱਚ ਸਰਪੰਚੀ ਦੀ ਚੋਣ ਲੜਦੇ ਕੁੱਲ 28375 ਉਮੀਦਵਾਰਾਂ ਵੱਲੋਂ ਕਰੀਬ 285 ਕਰੋੜ ਰੁਪਏ ਅਤੇ ਪੰਚੀ ਦੀ ਚੋਣ ਲੜਨ ਵਾਲੇ ਕੁੱਲ 104027 ਉਮੀਦਵਾਰਾਂ ਵੱਲੋਂ ਕਰੀਬ 215 ਕਰੋੜ ਰੁਪਏ ਖਰਚੇ ਜਾਣ ਦਾ ਅਨੁਮਾਨ ਹੈ। ਇਸ ਵਾਰ ਚੋਣਾਂ ਦੌਰਾਨ ਪਿੰਡਾਂ ਵਿੱਚ ਚੋਣਾਂ ਲੜਨ ਦੇ ਚਾਹਵਾਨ ਉਮੀਦਵਾਰ ਚੁੱਲ੍ਹਾ ਟੈਕਸ ਬਾਰੇ ਐੱਨ ਓ ਸੀ ਲੈਣ ਅਤੇ ਆਪਣਾ ਬਕਾਇਆ ਭਰਨ ਲਈ ਲਾਈਨਾਂ ਵਿੱਚ ਲੱਗੇ ਖੱਜਲ ਖੁਆਰ ਹੁੰਦੇ ਰਹੇ। ਪੰਜਾਬ ਵਿੱਚ ਬੀ ਡੀ ਪੀ ਓ ਦਫਤਰਾਂ ਅੱਗੇ ਕਈ ਥਾਈਂ ਇਸ ਵਿਤਕਰੇ ਖਿਲਾਫ ਰੋਸ ਮੁਜ਼ਾਹਰੇ ਤੇ ਧਰਨੇ ਵੀ ਲੱਗੇ ਹਨ। ਖਾਸ ਤੌਰ 'ਤੇ ਅਕਾਲੀ ਦਲ ਅਤੇ ਆਪ ਦੇ ਉਮੀਦਵਾਰਾਂ ਨੇ ਦੋਸ਼ ਲਾਏ ਕਿ ਉਨ੍ਹਾਂ ਨੂੰ ਚੁੱਲ੍ਹਾ ਟੈਕਸ ਦੀ ਰਸੀਦ ਨਹੀਂ ਮਿਲ ਰਹੀ। ਐੱਨ ਓ ਸੀ ਖੁਣੋਂ ਅਜਿਹੇ ਚਾਹਵਾਨਾਂ ਦੇ ਉਮੀਦਵਾਰੀ ਕਾਗਜ਼ ਰੱਦ ਹੋਣ ਕਾਰਨ ਸੈਂਕੜੇ ਅਰਜ਼ੀਕਾਰਾਂ ਨੂੰ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਜਿੱਥੋਂ ਉਨ੍ਹਾਂ ਅਤੇ ਹਾਈ ਕੋਰਟ ਨਾ ਪਹੁੰਚਣ ਵਾਲੇ ਹੋਰ ਪੀੜਤਾਂ ਨੂੰ ਮੁੜ ਕਾਗਜ਼ ਜਮ੍ਹਾ ਕਰਵਾਉਣ ਲਈ 48 ਘੰਟਿਆਂ ਦੀ ਮੋਹਲਤ ਮਿਲ ਗਈ।

ਇਸ ਵਾਰ ਪੰਜਾਬ ਚੋਣ ਕਮਿਸ਼ਨ ਕੋਲ ਚੁੱਲ੍ਹਾ ਟੈਕਸ ਦਾ ਐੱਨ ਓ ਸੀ ਨਾ ਮਿਲਣ ਦੀਆਂ ਸਭ ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਸ ਦਾ ਕਾਰਨ ਪਿੰਡਾਂ ਵਾਲੇ ਦੱਸਦੇ ਹਨ ਕਿ ਸੱਤਾਧਾਰੀ ਲੋਕ ਅਫਸਰਸ਼ਾਹੀ 'ਤੇ ਅਸਰ ਰਸੂਖ ਕਾਰਨ ਉਨ੍ਹਾਂ ਤੋਂ ਚੁੱਲ੍ਹਾ ਟੈਕਸ ਭਰਵਾਉਣ ਅਤੇ ਐੱਨ ਓ ਸੀ ਲੈਣ ਵਿੱਚ ਦਖਲ ਦੇਂਦੇ ਹਨ। ਨਾਮਜ਼ਦਗੀਆਂ ਭਰਨ ਵੇਲੇ ਪੰਚਾਇਤੀ ਵਿਭਾਗ ਦੀਆਂ ਕਈ ਅਹਿਮ ਖਾਮੀਆਂ ਵੀ ਉਭਰ ਕੇ ਸਾਹਮਣੇ ਆਈਆਂ ਜਿਨ੍ਹਾਂ ਵਿੱਚ ਸਭ ਤੋਂ ਪਹਿਲੀ ਇਹ ਕਿ ਬੀ ਡੀ ਪੀ ਓ ਦਫਤਰਾਂ ਅੱਗੇ ਉਮੀਦਵਾਰਾਂ ਲਈ ਨਾਮਜ਼ਦਗੀਆਂ ਅਤੇ ਨੱਥੀ ਕੀਤੇ ਜਾਣ ਵਾਲੇ ਕਾਗਜ਼ਾਂ ਬਾਰੇ ਕਿਸੇ ਤਰ੍ਹਾਂ ਦਾ ਕੋਈ ਸੂਚਨਾ ਬੋਰਡ ਨਹੀਂ ਲਾਇਆ ਗਿਆ। ਕਿਨ੍ਹਾਂ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਦਸਖਤ ਚੁੱਲ੍ਹਾ ਟੈਕਸ ਲਈ ਕਰਵਾਉਣੇ ਜ਼ਰੂਰੀ ਸਨ, ਉਸ ਦੀ ਆਮ ਲੋਕਾਂ ਨੂੰ ਜਾਣਕਾਰੀ ਨਹੀਂ ਸੀ, ਜਦ ਕਿ ਸੁਚੱਜੀ ਚੋਣ ਪ੍ਰਕਿਰਿਆ ਮੁਕੰਮਲ ਕਰਾਉਣ ਲਈ ਅਜਿਹੀ ਜਾਣਕਾਰੀ ਚੋਣਾਂ ਤੋਂ ਪਹਿਲਾਂ ਹੀ ਆਮ ਲੋਕਾਂ ਤੱਕ ਪਹੁੰਚਾਉਣੀ ਸਰਕਾਰ ਅਤੇ ਵਿਭਾਗ ਦੀ ਜ਼ਿੰਮੇਵਾਰੀ ਸੀ।

ਖੈਰ! ਜਦ ਪੰਚਾਇਤੀ ਚੋਣਾਂ ਸਿਰੇ ਚੜ੍ਹ ਚੁੱਕੀਆਂ ਹਨ ਤੇ ਸਰਪੰਚ-ਪੰਚ ਚੁਣੇ ਜਾ ਚੁੱਕੇ ਹਨ ਤਾਂ ਸੂਬੇ ਦੇ ਪੰਚਾਇਤੀ ਵਿਕਾਸ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਪੰਚਾਇਤਾਂ ਦੀ ਵਿੱਤੀ ਸਿਹਤ ਵੱਲ ਧਿਆਨ ਦੇਣ ਤੇ ਪੰਚਾਇਤਾਂ ਦੀ ਆਮਦਨ ਦੇ ਸਾਧਨ 'ਚ ਸ਼ੁਮਾਰ ਚੁੱਲ੍ਹਾ ਟੈਕਸ ਦੀ ਕੁਲੈਕਸ਼ਨ ਸਹੀ ਤਰੀਕੇ ਨਾਲ ਯਕੀਨੀ ਬਣਾਉਣ। ਨਾਲ ਹੀ ਪਿੰਡਾਂ ਦੇ ਵਿਕਾਸ ਲਈ ਇਮਾਨਦਾਰੀ ਨਾਲ ਕੋਸ਼ਿਸ਼ਾਂ ਕਰਨ।

# ਜ਼ਿੰਦਾਦਿਲੀ ਦਾ ਨਾਮ ਹੈ ਜ਼ਿੰਦਗੀ

-ਬੀ ਐੱਸ ਰਤਨ

ਅਮਰੀਕਾ ਦੇ ਜਸਟਿਸ ਕਾਰਡੋਜ਼ੋ ਨੇ ਕਿਹਾ ਸੀ, 'ਅਸੀਂ ਉਹੀ ਕੁਝ ਹੁੰਦੇ ਹਾਂ, ਜੋ ਆਪਣੇ ਬਾਰੇ ਸੋਚਦੇ ਹਾਂ।' ਹਰ ਵਿਅਕਤੀ ਆਪਣੇ ਬਾਰੇ ਖੁਦ ਹੀ ਅੰਦਾਜ਼ਾ ਲਾਉਂਦਾ ਹੈ ਤੇ ਜੋ ਧਾਰਨਾ ਪਾਲਦਾ ਹੈ, ਉਸੇ ਤਰ੍ਹਾਂ ਦਾ ਬਣ ਜਾਂਦਾ ਹੈ। ਨਾਰਮਲ ਵਿਨਸੈਂਟ ਪੀਅਲ ਵੱਲੋਂ ਲਿਖੀ ਪੁਸਤਕ 'ਜ਼ਿੰਦਗੀ ਭਰ ਜ਼ਿੰਦਾ ਰਹੋ' (Stay Alive All Your Life by Norman Vinicent Peale) ਚਰਿ-ੱਤਰ ਉਸਾਰੀ ਤੇ ਜੀਵਨ ਜਾਚ ਪ੍ਰਤੀ ਸਫਲ ਸੇਧ ਦੇਣ ਵਾਲੀ ਮਹੱਤਵ ਪੂਰਨ ਸੌਗਾਤ ਹੈ। ਲੇਖਕ ਨੇ ਇਸ ਪੁਸਤਕ 'ਸਾਰਥਕ ਸੋਚ ਦੀ ਸ਼ਕਤੀ' ਨਾਲ ਸੰਸਾਰ ਦੀ ਪ੍ਰਸਿੱਧੀ ਖੱਟੀ ਹੈ। ਜੀਵਨ ਨੂੰ ਅਰਥ ਭਰਪੂਰ ਅਤੇ ਅਤਿ-ਮਾਨਣ ਯੋਗ ਬਣਾਉਣ ਦੇ ਨੁਕਤੇ ਪੇਸ਼ ਕਰਦੀ ਇਹ ਪੁਸਤਕ ਅਨੇਕ ਮਾਪਦੰਡਾਂ ਤੇ ਨਿਰਦੇਸ਼ਾਂ ਦੀ ਨਿਸ਼ਾਨਦੇਹੀ ਕਰਦੀ ਹੈ। ਸਾਰਥਕ ਸੋਚ, ਸਵੈ ਵਿਸ਼ਵਾਸ, ਆਸ਼ਾਵਾਦੀ ਨਜ਼ਰੀਆ, ਦ੍ਰਿੜ੍ਹ ਇਰਾਦਾ ਤੇ ਇਮਾਨਦਾਰੀ ਆਦਿ ਸਰਲ ਅੰਦਾਜ਼ ਵਿੱਚ ਪੇਸ਼ ਕੀਤੇ ਗਏ ਹਨ। ਪੁਸਤਕ ਦੇ ਕੁੱਲ ਸੋਲਾਂ ਚੈਪਟਰ ਹਨ, ਜਿਨ੍ਹਾਂ ਵਿੱਚ ਵਿਸ਼ੇਸ਼ ਮਨੁੱਖੀ ਗੁਣਾਂ ਦੀ ਵਿਆਖਿਆ ਤੇ ਅਭਿਆਸ ਕਰਨ ਦੀ ਵਿਧੀ ਦੱਸੀ ਗਈ ਹੈ। ਲੇਖਕ ਨੇ ਇਸ ਪੁਸਤਕ ਰਾਹੀਂ ਜ਼ਿੰਦਗੀ ਦੀਆਂ ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕੀਤਾ ਹੈ। ਪੁਸਤਕ ਸ਼ੁਰੂ ਤੋਂ ਅਖੀਰ ਤੱਕ ਦਿਲਚਸਪੀ, ਲਗਨ ਤੇ ਅਥਾਹ ਜੋਸ਼ ਨਾਲ ਪੜ੍ਹੀ ਜਾ ਸਕਦੀ ਹੈ।

ਯਕੀਨ ਵਿੱਚ ਅਥਾਹ ਸ਼ਕਤੀ ਸਮਾਈ ਹੋਈ ਹੈ, ਜੋ ਤੁਹਾਡੇ ਅੰਦਰ ਉਤਸ਼ਾਹ ਪੈਦਾ ਕਰਦੀ ਹੈ। ਕਿਸੇ ਵੀ ਕਾਰਜ ਨੂੰ ਪੂਰਾ ਕਰਨ ਵਾਸਤੇ ਜਾਂ ਕਿਸੇ ਵੀ ਮੰਜ਼ਿਲ ਨੂੰ ਹਾਸਲ ਕਰਨ ਵਾਸਤੇ ਜੇ ਸਾਨੂੰ ਆਪਣੇ ਆਪ ਉਤੇ ਯਕੀਨ ਹੋਵੇ ਤਾਂ ਸਫਲਤਾ ਹਾਸਲ ਹੁੰਦੀ ਹੈ। ਲੇਖਕ ਸਲਾਹ ਦਿੰਦੇ ਹਨ ਕਿ ਪ੍ਰਮਾਤਮਾ ਉੱਤੇ ਯਕੀਨ ਕਰਨਾ ਚਾਹੀਦਾ ਹੈ। ਸਾਡਾ ਇਹ ਯਕੀਨ ਸਿਰਫ ਅਕਾਦਮਿਕ ਨਹੀਂ, ਸਗੋਂ ਪ੍ਰਮਾਤਮਾ ਉੱਤੇ ਅਟੱਲ ਭਰੋਸਾ ਹੋਣਾ ਚਾਹੀਦਾ ਹੈ। ਸਾਨੂੰ ਆਪਣੇ ਆਪ ਦੇ ਆਲੇ ਦੁਆਲੇ ਦੇ ਲੋਕਾਂ ਉਪਰ ਵੀ ਭਰੋਸਾ ਹੋਣਾ ਚਾਹੀਦਾ ਹੈ। ਲੇਖਕ ਦਾ ਮਸ਼ਵਰਾ ਹੈ ਕਿ ਜੇ ਅਸੀਂ ਪਿਆਰ, ਉਮੀਦ, ਸ਼ਰਧਾ ਅਤੇ ਆਸ਼ਾਵਾਦੀ ਨਜ਼ਰੀਏ ਨਾਲ ਕਿਸੇ ਵੀ ਚੀਜ਼ ਦੀ ਇੱਛਾ ਰੱਖਾਂਗੇ ਤਾਂ ਯਕੀਨਨ ਸਾਡੀ ਝੋਲੀ ਪਵੇਗੀ। ਲੇਖਕ ਸਲਾਹ ਦਿੰਦਾ ਹੈ ਕਿ ਅਸੀਂ ਸਥਿਤੀਆਂ ਜਾਂ ਦੂਜੇ ਲੋਕਾਂ ਨੂੰ ਦੋਸ਼ ਦੇਣ ਵਿੱਚ ਸਮਾਂ ਬਰਬਾਦ ਨਾ ਕਰੀਏ। ਸਾਨੂੰ ਆਪਣੇ ਆਪ ਨੂੰ ਹੀ ਘੋਖਣਾ ਚਾਹੀਦਾ ਹੈ, ਕਿਉਂਕਿ ਹੋ ਸਕਦਾ ਹੈ ਕਿ ਅਸੀਂ ਦੂਜਿਆਂ ਪ੍ਰਤੀ ਬੇਬੁਨਿਆਦ ਰਾਏ ਘੜੀ ਰੱਖੀਏ। ਉਹ ਪੋਲ ਵਾਲਟ ਦੇ ਵਿਸ਼ਵ ਚੈਂਪੀਅਨ ਬਾਬ ਰਿਚਰਡ ਦੀ ਮਿਸਾਲ ਦਿੰਦੇ ਹਨ। ਜਦੋਂ ਇਨਾਮ ਲੈਣ ਪਿੱਛੋਂ ਰਿਪੋਰਟਰਾਂ ਨੇ ਬਾਬ ਰਿਚਰਡ ਨੂੰ ਉਸ ਦੀ ਸਫਲਤਾ ਦਾ ਰਾਜ਼ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਪ੍ਰਮਾਤਮਾ ਨੇ ਉਸ ਦਾ ਸਾਥ ਦਿੱਤਾ ਸੀ। ਹੋਰ ਸਪੱਸ਼ਟ ਕਰਦੇ ਉਸ ਨੇ ਕਿਹਾ ਕਿ ਪ੍ਰਮਾਤਮਾ ਸਾਨੂੰ ਮਨੋਵਿਗਿਆਨਕ ਤਾਕਤ ਦੇਂਦਾ ਹੈ। ਜਿੰਨੀ ਦੇਰ ਅਸੀਂ ਜ਼ਿੰਦਾ ਹਾਂ, ਓਨੀ ਦੇਰ ਯਕੀਨ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਸੰਖੇਪ ਵਿੱਚ ਕਿਹਾ ਜਾਵੇ ਤਾਂ ਸਖਤ ਮਿਹਨਤ ਕਰੀਏ, ਘਟਨਾਵਾਂ ਦੇ ਸਹਿਯੋਗ ਦੀ ਕਲਪਨਾ ਕਰੀਏ, ਰਚਨਾਤਮਕ ਸੋਚ ਦਾ ਅਭਿਆਸ ਜਾਰੀ ਰੱਖੀਏ ਤੇ ਆਪਾ ਭੁੱਲ ਕੇ ਦੂਜਿਆਂ ਦੀ ਭਲਾਈ ਬਾਰੇ ਅਰਦਾਸ ਕਰੀਏ।

ਜੋਸ਼ ਸਾਡੇ ਅੰਦਰ ਚਮਤਕਾਰੀ ਤੇ ਜਾਦੂਮਈ ਤਾਕਤ ਪੈਦਾ ਕਰਦਾ ਹੈ। ਜੇ ਅਸੀਂ ਨਿਰਾਸ਼ਾਵਾਦੀ ਸੋਚ ਛੱਡ ਕੇ ਆਸ਼ਾਵਾਦੀ ਨਜ਼ਰੀਆ ਅਪਣਾਉਂਦੇ ਹਾਂ ਤਾਂ ਨਤੀਜੇ ਹੈਰਾਨ ਕਰਨ ਵਾਲੇ ਹੋਣਗੇ। ਸਾਡੀ ਯੋਗਤਾ ਅਭਿਆਸ ਅਤੇ ਅਨੁਭਵ ਦੂਜਿਆਂ ਨਾਲੋਂ ਘੱਟ ਹੋਵੇ ਤਾਂ ਅਸੀਂ ਪ੍ਰਭਾਵਸ਼ਾਲੀ ਜੋਸ਼ ਰਾਹੀਂ ਹਰ ਊਣਤਾਈ ਪੂਰੀ ਕਰ ਸਕਦੇ ਹਾਂ। ਲੇਖਕ ਸਾਨੂੰ ਜ਼ੋਰ ਦਿੰਦੇ ਹਨ ਕਿ ਸਾਨੂੰ ਨਿਰਾਸ਼ਾਵਾਦੀ ਸੋਚ ਅਪਣਾ ਕੇ ਕਦੇ ਨੁਕਸਾਂ ਜਾਂ ਘਾਟਾਂ ਦੀ ਧਾਰਨਾ ਨਹੀਂ ਰੱਖਣੀ ਚਾਹੀਦੀ। ਬਹੁਤ ਸਾਰੇ ਲੋਕ ਆਪਣੇ ਬਾਰੇ ਗਲਤ ਅੰਦਾਜ਼ਾ ਲਾਈ ਰੱਖਦੇ ਹਨ। ਆਪਣੀ ਜ਼ਿੰਦਗੀ ਵਿੱਚ ਜਦੋਂ ਅਸੀਂ ਆਸ਼ਾਵਾਦੀ ਜੋਸ਼ ਭਰ ਦਿੰਦੇ ਹਾਂ ਤਾਂ ਆਪ ਮੁਹਾਰੇ ਸਾਡੀਆਂ ਨਵੀਆਂ ਖੂਬੀਆਂ ਉਭਰ ਆਉਂਦੀਆਂ ਹਨ। ਜੋਸ਼ ਦਾ ਸਿਹਤ ਠੀਕ ਰੱਖਣ 'ਤੇ ਸ਼ਕਤੀਸ਼ਾਲੀ ਪ੍ਰਭਾਵ ਪੈਂਦਾ ਹੈ। ਲੋਕ ਸੱਚਮੁੱਚ ਮੌਤ ਤੱਕ ਪਹੁੰਚ ਜਾਂਦੇ ਹਨ, ਕਿਉਂਕਿ ਉਹ ਆਪਣਾ ਜੋਸ਼ ਗੁਆ ਬੈਠਦੇ ਹਨ।

ਇਹ ਆਮ ਵੇਖਣ ਵਿੱਚ ਆਇਆ ਹੈ ਕਿ ਅਣਚਾਹੀਆਂ ਸੋਚਾਂ ਤੋਂ ਛੁਟਕਾਰਾ ਪਾਉਣ ਵਾਸਤੇ ਮਨੋਵਿਗਿਆਨਕ ਤੌਰ 'ਤੇ ਤੁਹਾਨੂੰ ਉਸ ਦੇ ਖਿਲਾਫ ਸੋਚਣਾ ਪਵੇਗਾ। ਜੇ ਤੁਸੀਂ ਕਿਸੇ ਗੱਲ ਤੋਂ ਡਰਦੇ ਹੋ ਤਾਂ ਤੁਹਾਨੂੰ ਹੌਸਲੇ ਨਾਲ ਮੁਕਾਬਲਾ ਕਰਨਾ ਪਵੇਗਾ ਅਤੇ ਇਸ ਹੌਸਲੇ ਦਾ ਪ੍ਰਦਰਸ਼ਨ ਕਰਨਾ ਪਵੇਗਾ। ਹਾਲ ਸ਼ੈਨੀਫਰ ਗਰੀਬ ਘਰ ਦਾ ਲੜਕਾ ਸੀ, ਜੋ ਨਿਊ ਯਾਰਕ ਦੇ ਬੇਹੱਦ ਘੱਟ ਸਹੂਲਤਾਂ ਵਾਲੇ ਇਲਾਕੇ ਵਿੱਚ ਰਹਿੰਦਾ ਸੀ। ਉਸ ਨੂੰ ਅਪਾਰਟਮੈਂਟਸ ਦੀ ਲਿਫਟ ਚਲਾਉਣ ਦਾ ਕੰਮ ਮਿਲਿਆ। ਭਾਵੇਂ ਕੰਮ ਛੋਟਾ ਸੀ, ਪਰ ਉਹ ਬੜੀ ਤਨਦੇਹੀ ਨਾਲ ਕਰਦਾ ਸੀ। ਉਸ ਦਾ ਸ਼ੁਗਲ ਰੇਡੀਓ ਇੰਜੀਨੀਅਰਿੰਗ ਸੀ, ਜੋ ਉਹ ਵਾਧੂ ਸਮੇਂ ਵਿੱਚ ਸਿਖਦਾ ਸੀ। ਉਹ ਬੜੇ ਸ਼ੌਕ ਤੇ ਲਗਨ ਨਾਲ ਕੰਮ ਸਿੱਖਦਾ ਗਿਆ ਤੇ ਫਿਰ ਉਸ ਨੂੰ ਸਹਾਇਕ ਦੀ ਨੌਕਰੀ ਮਿਲ ਗਈ। ਬੇਸ਼ੱਕ ਨੌਕਰੀ ਛੋਟੀ ਸੀ, ਪਰ ਉਸ ਨੇ ਸੁਪਨੇ ਸਾਕਾਰ ਕਰਨ ਵਾਸਤੇ ਟੀਚਾ ਵੱਡਾ ਰੱਖਿਆ ਤੇ ਆਖਰ ਉਹ ਨੈਸ਼ਨਲ ਬਰਾਡਕਾਸਟਿੰਗ ਕੰਪਨੀ ਦਾ ਚੋਟੀ ਦਾ ਇੰਜੀਨੀਅਰ ਬਣ ਗਿਆ। ਇਤਫਾਕ ਦੀ ਗੱਲ ਹੈ ਕਿ 1952 ਦੀ ਰਾਸ਼ਟਰਪਤੀ ਚੋਣ ਵੇਲੇ ਉਸ ਨੂੰ ਜਨਰਲ ਆਈਜ਼ਨਹਾਵਰ ਦੇ ਦੌਰਿਆਂ ਨੂੰ ਰਿਪੋਰਟ ਕਰਨ ਦੀ ਡਿਊਟੀ ਮਿਲ ਗਈ। ਉਹ ਬਹੁਤ ਮਾਣ ਅਤੇ ਜੋਸ਼ ਮਹਿਸੂਸ ਕਰ ਰਿਹਾ ਸੀ।

ਆਪਣੀ ਨਿਰਾਸ਼ਾ ਉਪਰ ਕਾਬੂ ਪਾ ਕੇ ਰਚਨਾਤਮਕ ਸਾਬਿਤ ਹੋਣ ਦੇ ਕਈ ਸਾਧਨ ਹਨ। ਨਿਰਾਸ਼ਾ ਜਾਂ ਢਹਿੰਦੀ ਕਲਾ ਵਿੱਚ ਰਹਿਣਾ ਇੱਕ ਮਾਨਸਿਕ ਸਥਿਤੀ ਹੈ, ਜਿਸ ਉਪਰ ਕਾਬੂ ਪਾਉਣ ਵਾਸਤੇ ਸਹਿਜ ਤੇ ਸਾਰਥਕ ਸੋਚ ਕੰਮ ਆਉਂਦੀ ਹੈ। ਜੇ ਤੁਸੀਂ ਨਿਰਾਸ਼ਾ ਤੋਂ ਛੁਟਕਾਰਾ ਪਾਉਣਾ ਹੈ ਤਾਂ ਜ਼ਿੰਦਗੀ ਭਰ ਜ਼ਿੰਦਾ ਦਿਲੀ ਦਾ ਅਭਿਆਸ ਕਰੋ। ਲੇਖਕ ਮੁਤਾਬਕ ਨਿਰਾਸ਼ਾ ਵੇਲੇ ਕਿਸੇ ਮਕਸਦ ਲਈ ਸਾਨੂੰ ਆਪਣੇ ਵੱਲੋਂ ਹਰ ਤਰੀਕੇ ਵਧੀਆ ਤੋਂ ਵਧੀਆ ਅਤੇ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ। ਲੇਖਕ ਇੱਕ ਔਰਤ ਦੀ ਮਿਸਾਲ ਦਿੰਦੇ ਹਨ, ਜੋ ਵਾਰ ਵਾਰ ਡਾਕਟਰ ਕੋਲ ਆਪਣਾ ਇਲਾਜ ਕਰਵਾਉਣ ਜਾਂਦੀ ਸੀ। ਉਹ ਗੱਲ ਕਰਨ ਵੇਲੇ ਲਗਾਤਾਰ ਆਪਣਾ ਸਿਰ ਹਿਲਾਉਂਦੀ ਸੀ। ਹਰ ਵਾਰ ਉਹ ਆਪਣੀ ਨੂੰਹ ਦੀ ਸ਼ਿਕਾਇਤ ਕਰਦੀ ਸੀ, ਜਿਸ ਤੋਂ ਉਸ ਦੀ ਨੂੰਹ ਪ੍ਰਤੀ ਨਫਰਤ ਤੇ ਦੂਰੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਸੀ। ਡਾਕਟਰ ਨੇ ਉਸ ਨੂੰ ਸਲਾਹ ਦਿੱਤੀ ਕਿ ਉਹ ਪ੍ਰਮਾਤਮਾ ਅੱਗੇ ਦਿਨ ਵਿੱਚ 10 ਵਾਰ ਪ੍ਰਾਰਥਨਾ ਕਰੇ ਕਿ ਪ੍ਰਮਾਤਮਾ ਉਸ ਨੂੰ ਸ਼ਾਂਤੀ ਬਖਸ਼ੇ ਤੇ ਜਿੰਨੇ ਵਾਰ ਵੀ ਹੋ ਸਕੇ, ਆਪਣੀ ਨੂੰਹ ਬਾਰੇ ਮੰਦੇ ਸ਼ਬਦਾਂ ਦੀ ਬਜਾਏ ਥਾਂ ਸ਼ਬਦ ਦੀ ਵਰਤੋਂ ਕਰੇ। ਆਖਰ ਉਸ ਨੂੰ ਸਮਝ ਲੱਗ ਗਈ ਕਿ ਨੂੰਹ ਉਸ ਦੇ ਆਪਣੇ ਬੇਟੇ ਦੀ ਪਤਨੀ ਹੈ ਤੇ ਉਸ ਨੂੰ ਬਰਦਾਸ਼ਤ ਕਰਨਾ ਜਾਂ ਅਪਣੱਤ ਅਤੇ ਸਹਿਯੋਗ ਨਾਲ ਉਸ ਨਾਲ ਰਹਿਣਾ ਹੀ ਨਿਰਾਸ਼ਾ ਦਾ ਹੱਲ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਠਰ੍ਹੰਮੇ ਤੇ ਨਰਮੀ ਨਾਲ ਰਹਿਣਾ ਸਿੱਖੀਏ। ਡਾਕਟਰ ਦੱਸਦੇ ਹਨ ਕਿ ਗੁੱਸਾ ਸਾਡੇ ਪੇਟ ਅੰਦਰ ਦੌਰੇ ਵਰਗੀ ਅਨਿਯਮਿਤ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਬਾਈਬਲ ਦੇ ਉਪਦੇਸ਼ ਮੁਤਾਬਕ ਵੀ ਜੇ ਅਸੀਂ ਆਪਣੇ ਮਨ ਵਿੱਚੋਂ ਬੁਰੀਆਂ ਭਾਵਨਾਵਾਂ, ਗੁੱਸਾ, ਡਰ ਅਤੇ ਨਫਰਤ ਕੱਢ ਦਿਆਂਗੇ ਤਾਂ ਚੰਗੀ ਸਿਹਤ ਮਾਣ ਸਕਾਂਗੇ। ਗੁੱਸੇ ਦੀ ਥਾਂ ਸਹਿਣਸ਼ੀਲਤਾ ਹਾਸਲ ਕਰਨ ਵਾਸਤੇ ਪ੍ਰਮਾਤਮਾ ਦਾ ਸਹਾਰਾ ਲੈਣਾ ਚਾਹੀਦਾ ਹੈ।


ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ਜ਼ਰੂਰ ਜਾਣੋ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥



- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਸਾਰੀਆਂ ਰਵਾਇਤਾਂ ਦੇ ਕੋੜੇ ਔਰਤਾਂ ਦੀ ਪਿੱਠ ਉੱਤੇ ਕਿਉਂ ਪੈਣ

- ਕਸ਼ਮਾ ਸ਼ਰਮਾ

ਪਿੱਛੇ ਜਿਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਇੰਟਰਵਿਊ ਵਿੱਚ ਸਬਰੀਮਾਲਾ ਅਤੇ ਤਿੰਨ ਤਲਾਕ ਮੁੱਦੇ ਉਤੇ ਜਵਾਬ ਦਿੰਦਿਆਂ ਕਿਹਾ ਕਿ ਤਿੰਨ ਤਲਾਕ ਦਾ ਮੁੱਦਾ ਔਰਤਾਂ-ਮਰਦਾਂ ਦੀ ਬਰਾਬਰੀ ਦਾ ਹੈ ਅਤੇ ਸਬਰੀਮਾਲਾ ਦਾ ਮੁੱਦਾ ਰਵਾਇਤ ਨਾਲ ਜੁੜਿਆ ਹੋਇਆ ਹੈ। ਜਦੋਂ ਸਬਰੀਮਾਲਾ ਦੇ ਮੁੱਦੇ 'ਤੇ ਬਹਿਸ ਚੱਲ ਰਹੀ ਸੀ ਤਾਂ ਜੋ ਲੋਕ 10 ਤੋਂ 50 ਸਾਲ ਦੀ ਉਮਰ ਦੀਆਂ ਔਰਤਾਂ ਦੇ ਉਥੇ ਜਾਣ ਦਾ ਵਿਰੋਧ ਕਰ ਰਹੇ ਸਨ, ਉਨ੍ਹਾਂ ਨੇ ਵੀ ਅਜਿਹੀਆਂ ਗੱਲਾਂ ਕੀਤੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਮਾਮਲਾ ਉਥੋਂ ਦੇ ਭਗਵਾਨ ਅਯੱਪਾ ਦੀ ਆਪਣੀ ਮਰਜ਼ੀ ਦਾ ਹੈ ਕਿ ਇਸ ਉਮਰ ਵਰਗ ਦੀਆਂ ਔਰਤਾਂ ਮੰਦਰ ਵਿੱਚ ਨਾ ਜਾਣ।

ਸੋਚਣ ਵਾਲੀ ਗੱਲ ਹੈ ਕਿ ਆਖਰ ਤਿੰਨ ਤਲਾਕ ਦਾ ਮੁੱਦਾ ਵੀ ਮੁਸਲਮਾਨਾਂ ਦੀ ਰਵਾਇਤ ਨਾਲ ਜੁੜਿਆ ਹੋਇਆ ਹੈ। ਬਰਾਬਰੀ ਦੇ ਨਾਂਅ 'ਤੇ ਉਸ ਨੂੰ ਕਿਵੇਂ ਵੱਖ ਕੀਤਾ ਜਾ ਸਕਦਾ ਹੈ? ਇਹ ਉਨ੍ਹਾਂ ਔਰਤਾਂ ਨਾਲ ਬੇਇਨਸਾਫੀ ਕਰਦਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੇ ਪਤੀ ਝਟਪਟ ਤਿੰਨ ਤਲਾਕ ਦੇ ਦਿੰਦੇ ਹਨ ਅਤੇ ਔਰਤਾਂ ਨੂੰ ਬਾਲ-ਬੱਚਿਆਂ ਸਮੇਤ ਪਰੇਸ਼ਾਨੀਆਂ ਦਾ ਸਾਹਮਣਾ ਕਰਨ ਲਈ ਇਕੱਲੀਆਂ ਛੱਡ ਦਿੰਦੇ ਹਨ। ਜੇ ਤਿੰਨ ਤਲਾਕ ਦਾ ਮੁੱਦਾ ਔਰਤਾਂ ਦੀ ਬਰਾਬਰੀ ਨਾਲ ਜੁੜਿਆ ਹੈ ਤਾਂ ਸਬਰੀਮਾਲਾ ਵੀ ਅਜਿਹਾ ਹੀ ਮੁੱਦਾ ਹੈ। ਔਰਤਾਂ ਮੰਦਰ ਵਿੱਚ ਨਾ ਜਾਣ, ਇਸ ਦਾ ਫੈਸਲਾ ਕਰਨ ਵਾਲੇ ਇਸ ਨੂੰ ਸਹੀ ਕਿਵੇਂ ਠਹਿਰਾ ਸਕਦੇ ਹਨ। ਸਭ ਤੋਂ ਅਫਸੋਸਨਾਕ ਗੱਲ ਇਹ ਕਿ ਇਥੇ ਭਾਜਪਾ ਤੇ ਕਾਂਗਰਸ ਔਰਤਾਂ ਦੇ ਮੁੱਦਿਆਂ ਨੂੰ ਨਿਪਟਾਉਣ ਲਈ ਦਿਨ-ਰਾਤ ਦੁਬਲੀਆਂ ਹੋਈ ਜਾਂਦੀਆਂ ਹਨ, ਉਹ ਸਬਰੀਮਾਲਾ ਦੇ ਮੁੱਦੇ ਉੱਤੇ ਔਰਤਾਂ ਦੇ ਉਥੇ ਜਾਣ ਦਾ ਵਿਰੋਧ ਰਵਾਇਤ ਦੇ ਨਾਂਅ 'ਤੇ ਕਰ ਰਹੀਆਂ ਹਨ।

ਇਹ ਕਿਹੋ ਜਿਹੀ ਬਰਾਬਰੀ ਹੈ? ਜਦੋਂ ਵੀ ਸੁਧਾਰ ਦੇ ਕਦਮ ਚੁੱਕੇ ਜਾਂਦੇ ਹਨ ਤਾਂ ਉਹ ਕਿਸੇ ਨਾ ਕਿਸੇ ਚੱਲੀ ਆ ਰਹੀ ਰਵਾਇਤ ਨੂੰ ਹੀ ਚੁਣੌਤੀ ਦਿੰਦੇ ਹਨ। ਜੇ ਰਵਾਇਤ ਦੀ ਗੱਲ ਮੰਨੀ ਜਾਵੇ ਤਾਂ ਕਦੇ ਕੋਈ ਸੁਧਾਰ ਹੋਵੇਗਾ ਹੀ ਨਹੀਂ।

ਪਿਛਲੇ ਦਿਨੀਂ ਜਦੋਂ ਸ਼ਨੀ ਸ਼ਿੰਙਣਾਪੁਰ ਅਤੇ ਹਾਜੀ ਅਲੀ ਵਿੱਚ ਔਰਤਾਂ ਦੇ ਦਾਖਲੇ ਬਾਰੇ ਤ੍ਰਿਪਤੀ ਦੇਸਾਈ ਦੀ ਅਗਵਾਈ ਹੇਠ ਅੰਦੋਲਨ ਚਲਾਇਆ ਗਿਆ ਸੀ, ਉਦੋਂ ਵੀ ਅਜਿਹੀਆਂ ਬਹਿਸਾਂ ਦੇਖਣ ਨੂੰ ਮਿਲੀਆਂ ਸਨ, ਬਾਅਦ ਵਿੱਚ ਔਰਤਾਂ ਨੂੰ ਇਨ੍ਹਾਂ ਥਾਵਾਂ 'ਤੇ ਦਾਖਲ ਹੋਣ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਜਦੋਂ ਬੰਗਾਲ 'ਚ ਰਾਜਾ ਰਾਮਮੋਹਨ ਰਾਏ, ਮਾਈਕਲ ਮਧੂਸੂਦਨ ਦੱਤ, ਈਸ਼ਵਰ ਚੰਦਰ ਵਿਦਿਆਸਾਗਰ, ਮਹਾਰਾਸ਼ਟਰ ਵਿੱਚ ਜਯੋਤਿਬਾ ਫੂਲੇ, ਸਵਿੱਤਰੀ ਬਾਈ ਫੂਲੇ, ਰਾਣਾ ਡੇਅ, ਬਾਲ ਗੰਗਾਧਰ ਤਿਲਕ, ਮਹਾਤਮਾ ਗਾਂਧੀ ਆਦਿ ਨੇ ਔਰਤਾਂ ਨਾਲ ਜੁੜੇ ਸਾਰੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਉਠਾਇਆ ਸੀ ਤਾਂ ਉਨ੍ਹਾਂ ਨੂੰ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਬੰਗਾਲ ਵਿੱਚ ਰਾਜਾ ਰਾਮਮੋਹਨ ਰਾਏ ਵਿਰੁੱਧ ਲੋਕਾਂ ਨੇ ਅੰਦੋਲਨ ਚਲਾਇਆ ਸੀ ਕਿਉਂਕਿ ਰਾਜਾ ਰਾਮਮੋਹਨ ਰਾਏ ਸਤੀ ਪ੍ਰਥਾ ਦੇ ਵਿਰੋਧੀ ਸਨ। ਉਨ੍ਹਾਂ ਦਾ ਵਿਰੋਧ ਵੀ ਇਹ ਕਹਿ ਕੇ ਕੀਤਾ ਗਿਆ ਸੀ ਕਿ ਉਹ ਭਾਰਤ ਦੀ ਸਤੀ ਵਰਗੀ ਮਹਾਨ ਪਰੰਪਰਾ ਨੂੰ ਨਸ਼ਟ ਕਰ ਕੇ ਇੱਕ ਰਵਾਇਤ ਨੂੰ ਖਤਮ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਜਦੋਂ ਆਜ਼ਾਦੀ ਤੋਂ ਬਾਅਦ ਹਿੰਦੂ ਔਰਤਾਂ ਨੂੰ ਜਾਇਦਾਦ ਦਾ ਅਧਿਕਾਰ ਦੇਣ ਦੀ ਗੱਲ ਪੰਡਿਤ ਨਹਿਰੂ ਨੇ ਕੀਤੀ ਤਾਂ ਉਨ੍ਹਾਂ ਨੂੰ ਵੀ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਸਤੀ ਪ੍ਰਥਾ ਦੇ ਮਾਮਲੇ 'ਤੇ ਔਰਤਾਂ ਨੂੰ ਬਾਹਰ ਕੱਢ ਕੇ ਉਨ੍ਹਾਂ ਤੋਂ ਅਖਵਾਇਆ ਗਿਆ ਸੀ ਕਿ ਉਹ 'ਸਤੀ' ਹੋਣਾ ਚਾਹੁੰਦੀਆਂ ਹਨ। ਸਬਰੀਮਾਲਾ 'ਚ ਵੀ ਵੱਡੀ ਗਿਣਤੀ



'ਚ ਔਰਤਾਂ ਹੀ ਮੰਦਿਰ 'ਚ ਔਰਤਾਂ ਦੇ ਦਾਖਲੇ ਦਾ ਵਿਰੋਧ ਕਰ ਰਹੀਆਂ ਸਨ, ਪਰ ਲਗਭਗ 35 ਲੱਖ ਔਰਤਾਂ ਨੇ ਕੇਰਲ ਦੇ ਸਾਰੇ ਹਾਈਵੇਜ਼ ਉੱਤੇ ਇਕੱਠੀਆਂ ਹੋ ਕੇ ਮੰਦਰ ਵਿੱਚ ਔਰਤਾਂ ਦੇ ਦਾਖਲੇ ਦਾ ਸਮਰਥਨ ਕੀਤਾ ਹੈ। ਇਸ ਦੇ ਬਾਅਦ ਉਹ ਸਿਆਸੀ ਪਾਰਟੀਆਂ ਕੀ ਕਰਨਗੀਆਂ, ਜੋ ਇਸ ਮੁੱਦੇ 'ਤੇ ਰਵਾਇਤ ਦੀਆਂ ਝੰਡਾਬਰਦਾਰ ਬਣ ਕੇ ਔਰਤਾਂ ਦਾ ਵਿਰੋਧ ਕਰ ਰਹੀਆਂ ਸਨ।

ਇਸੇ ਤਰ੍ਹਾਂ ਬਾਲ ਵਿਆਹ ਜਾਂ ਵਿਧਵਾ ਵਿਆਹ ਦਾ ਮੁੱਦਾ ਹੈ। ਜਯੋਤਿਬਾ ਫੂਲੇ ਜਦੋਂ ਵਿਧਵਾ ਵਿਆਹ ਦੇ ਸਮਰਥਨ 'ਚ ਅੰਦੋਲਨ ਚਲਾ ਰਹੇ ਸਨ ਤਾਂ ਉਨ੍ਹਾਂ ਨੇ ਹਰ ਕਿਸਮ ਦਾ ਅਪਮਾਨ ਤੇ ਵਿਰੋਧ ਝੱਲਿਆ ਸੀ। ਉਨ੍ਹਾਂ ਨੂੰ ਖੂਬ ਗਾਲ੍ਹਾਂ ਕੱਢੀਆਂ ਜਾਂਦੀਆਂ ਸਨ, ਰਾਹ ਚੱਲਦਿਆਂ ਉਨ੍ਹਾਂ ਉੱਤੇ ਕੂੜਾ ਸੁੱਟ ਦਿੱਤਾ ਜਾਂਦਾ ਸੀ। ਉਨ੍ਹਾਂ ਦੀ ਪਤਨੀ ਸਵਿੱਤਰੀ ਬਾਈ ਫੂਲੇ ਨੇ ਵਿਧਵਾ ਔਰਤਾਂ ਦੀ ਬਹੁਤ ਮਦਦ ਕੀਤੀ ਤੇ ਕੁੜੀਆਂ ਲਈ ਪਹਿਲਾ ਸਕੂਲ ਵੀ ਖੋਲ੍ਹਿਆ ਸੀ। ਮਹਿਲਾ ਸਿਖਿਆ ਨਾਲ ਜੁੜੇ ਮੁੱਦੇ ਅਜਿਹੇ ਹੀ ਸਨ। ਵਿਰੋਧ ਕਰਨ ਵਾਲਿਆਂ ਦਾ ਕਹਿਣਾ ਸੀ ਕਿ ਜੇ ਔਰਤਾਂ ਪੜ੍ਹ-ਲਿਖ ਕੇ ਘਰੋਂ ਬਾਹਰ ਨਿਕਲਣਗੀਆਂ ਤਾਂ ਪਰਵਾਰ ਕਿਵੇਂ ਚੱਲੇਗਾ। ਤਿੰਨ ਤਲਾਕ ਦੇ ਸਮਰਥਕ ਵੀ ਪਰਵਾਰ ਦੀ ਦੁਹਾਈ ਦੇ ਰਹੇ ਹਨ ਕਿ ਜੇ ਤਿੰਨ ਤਲਾਕ ਦੇ ਮਾਮਲੇ 'ਚ ਮਰਦਾਂ ਨੂੰ ਜੇਲ੍ਹ ਜਾਣਾ ਪਵੇ ਤਾਂ ਪਰਵਾਰ ਕਿਵੇਂ ਚੱਲੇਗਾ?

ਇਹ ਗੱਲ ਸੱਚਾਈ ਤੋਂ ਕੋਹਾਂ ਦੂਰ ਹੈ। ਜੋ ਔਰਤਾਂ ਤਿੰਨ ਤਲਾਕ ਦਾ ਸ਼ਿਕਾਰ ਹੁੰਦੀਆਂ ਹਨ, ਉਨ੍ਹਾਂ ਦਾ ਪਰਵਾਰ ਪਤੀ ਵੱਲੋਂ ਤਿੰਨ ਵਾਰ 'ਤਲਾਕ' ਕਹਿੰਦਿਆਂ ਹੀ ਖਿੰਡ ਜਾਂਦਾ ਹੈ। ਫਿਰ ਪਰਵਾਰ ਚਲਾਉਣ ਦੀ ਗੱਲ ਕਿੱਥੋਂ ਆ ਗਈ? ਕੁੜੀਆਂ ਦੇ ਵਿਆਹ ਦੀ ਉਮਰ ਬਾਰੇ ਵੀ ਬੜਾ ਵਿਰੋਧ ਹੋਇਆ ਤੇ ਅੱਜ ਤੱਕ ਹੁੰਦਾ ਆ ਰਿਹਾ ਹੈ। ਬਾਲ ਵਿਆਹ ਦੇ ਵਿਰੁੱਧ ਚਾਹੇ ਕਾਫੀ ਅੰਦੋਲਨ ਚਲਾਏ ਗਏ ਹੋਣ, ਪਰ ਅੱਜ ਵੀ ਬਹੁਤ ਸਾਰੀਆਂ ਕੁੜੀਆਂ ਦਾ ਵਿਆਹ 18 ਸਾਲ ਦੀਆਂ ਹੋਣ ਤੋਂ ਪਹਿਲਾਂ ਕਰ ਦਿੱਤਾ ਜਾਂਦਾ ਹੈ ਤੇ ਅਜਿਹੇ ਕੇਸ ਦੇਸ਼ ਦੀ ਰਾਜਧਾਨੀ ਦਿੱਲੀ ਤੱਕ ਦੇਖਣ ਨੂੰ ਮਿਲੇ ਹਨ। ਰਾਜਸਥਾਨ ਵਿੱਚ 'ਅਖਤੀਜ' ਦੇ ਮੌਕੇ 'ਤੇ ਚਾਲੀ ਹਜ਼ਾਰ ਤੋਂ ਜ਼ਿਆਦਾ ਵਿਆਹ ਹੁੰਦੇ ਹਨ ਤੇ ਇਨ੍ਹਾਂ 'ਚ ਬਹੁਤ ਸਾਰੇ ਬੱਚੇ ਤਾਂ ਪੰਘੂੜੇ 'ਚ ਹੀ ਹੁੰਦੇ ਹਨ, ਜਿਨ੍ਹਾਂ ਦੇ ਵਿਆਹ ਕਰ ਦਿੱਤੇ ਜਾਂਦੇ ਹਨ।

ਪਿੱਛੇ ਜਿਹੇ ਜਦੋਂ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਤਾਂ ਭਾਜਪਾ ਦੇ ਇੱਕ ਸਥਾਨਕ ਆਗੂ ਨੇ ਕਿਹਾ ਸੀ ਕਿ ਜੇ ਉਹ ਜਿੱਤ ਗਏ ਤਾਂ ਬਾਲ ਵਿਆਹ ਨੂੰ ਨਹੀਂ ਰੋਕਣਗੇ। ਬਾਲ ਵਿਆਹ ਨੂੰ ਵੀ ਰਵਾਇਤ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਬੇਮੇਲ ਵਿਆਹ ਨੂੰ ਵੀ ਰਵਾਇਤ ਦੇ ਨਾਂਅ 'ਤੇ ਅਰਸੇ ਤੱਕ ਜਾਇਜ਼ ਕਿਹਾ ਜਾਂਦਾ ਰਿਹਾ ਹੈ, ਜਿਸ 'ਚ 80 ਸਾਲ ਦਾ ਆਦਮੀ 10 ਸਾਲਾਂ ਦੀ ਬੱਚੀ ਨਾਲ ਵਿਆਹ ਕਰਵਾ ਸਕਦਾ ਸੀ, ਇੱਕ ਤੋਂ ਵੱਧ ਵਿਆਹ ਕਰਵਾ ਸਕਦਾ ਸੀ। ਇਨ੍ਹੀਂ ਦਿਨੀਂ ਵੀ ਕਦੇ-ਕਦਾਈਂ ਅਜਿਹੀਆਂ ਖਬਰਾਂ ਆ ਜਾਂਦੀਆਂ ਹਨ।

ਰਵਾਇਤਾਂ ਮਨੁੱਖ ਹੀ ਬਣਾਉਂਦਾ ਹੈ, ਨਾਂਅ ਉਸ ਨੂੰ ਭਗਵਾਨ ਦਾ ਦਿੰਦਾ ਹੈ। ਬਦਲੇ ਸਮੇਂ ਦੇ ਨਾਲ-ਨਾਲ ਰਵਾਇਤਾਂ ਬਦਲਣੀਆਂ ਪੈਂਦੀਆਂ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਜਿੰਨੀਆਂ ਰਵਾਇਤਾਂ ਹਨ, ਉਨ੍ਹਾਂ 'ਚੋਂ ਜ਼ਿਆਦਾਤਰ ਔਰਤਾਂ ਨਾਲ ਵਿਤਕਰਾ ਕਰਨ ਵਾਲੀਆਂ ਹਨ, ਔਰਤਾਂ ਨੂੰ ਦੂਜੇ ਦਰਜੇ ਦੀਆਂ ਨਾਗਰਿਕ ਬਣਾਉਂਦੀਆਂ ਹਨ, ਉਨ੍ਹਾਂ ਨੂੰ ਸ਼ੱਕ ਅਤੇ ਨੀਵੀਂ ਨਜ਼ਰ ਨਾਲ ਦੇਖਦੀਆਂ ਹਨ, ਰਵਾਇਤਾਂ ਦੇ ਨਾਂਅ 'ਤੇ ਔਰਤਾਂ ਨੂੰ 'ਕਾਬੂ' ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਆਖਿਰ ਸਾਰੀਆਂ ਰਵਾਇਤਾਂ ਦੇ ਕੋੜੇ ਔਰਤਾਂ ਦੀ ਪਿੱਠ 'ਤੇ ਹੀ ਕਿਉਂ ਪੈਣ? ਔਰਤਾਂ ਹੀ ਇਨ੍ਹਾਂ ਰਵਾਇਤਾਂ ਨੂੰ ਨਿਭਾਉਣ ਲਈ ਮਜਬੂਰ ਕਿਉਂ ਹੋਣ? ਜੇ ਰਵਾਇਤਾਂ ਚੰਗੀਆਂ ਹੋਣ, ਮਨੁੱਖਤਾ ਦੇ ਭਲੇ ਵਾਲੀਆਂ ਹੋਣ ਤਾਂ ਉਹ ਸਮਾਜ, ਪਰਵਾਰ ਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਦੇ ਸਕਦੀਆਂ ਹਨ, ਪਰ ਜੇ ਰਵਾਇਤਾਂ ਸਿਰਫ ਔਰਤਾਂ ਨੂੰ ਦਬਾਉਣ ਅਤੇ ਉਨ੍ਹਾਂ ਨਾਲ ਬੇਇਨਸਾਫੀ ਕਰਨ ਵਾਲੀਆਂ ਹੋਣ ਤਾਂ ਉਹ ਖਤਮ ਕਿਉਂ ਨਹੀਂ ਹੋਣੀਆਂ ਚਾਹੀਦੀਆਂ?

# ਕੀ ਅਯੁੱਧਿਆ ਮੁੱਦੇ ਨਾਲ ਭਾਜਪਾ ਨੂੰ ਸਿਆਸੀ ਨਿਰਵਾਣ ਪ੍ਰਾਪਤ ਹੋਵੇਗਾ

-ਪੂਨਮ ਆਈ ਕੌਸ਼ਿਸ਼-

ਸਿਆਸਤਦਾਨ ਅਪਵਿੱਤਰ ਲੋਕ ਹਨ। ਚਾਹੇ ਧਰਮ ਹੋਵੇ, ਦੰਗੇ ਹੋਣ ਜਾਂ ਘਪਲੇ, ਉਹ ਹਰ ਕਿਸੇ ਮੁੱਦੇ 'ਤੇ ਆਪਣੇ ਨਜ਼ਰੀਏ ਨੂੰ ਹੀ ਸਭ ਤੋਂ ਵਧੀਆ ਮੰਨਦੇ ਹਨ ਅਤੇ ਜਦੋਂ ਸੱਤਾ ਦਾ ਆਧਾਰ ਬਚਾਉਣ ਦੀ ਗੱਲ ਆਵੇ ਤਾਂ ਸੱਤਾ ਦੇ ਭਗਤ, ਕੱਟੜਪੰਥੀ ਬਣ ਜਾਂਦੇ ਹਨ। ਸੰਘ ਪਰਵਾਰ ਦਾ ਅਯੁੱਧਿਆ ਦੇ ਮੁੱਦੇ ਉੱਤੇ 'ਜੇਹਾਦ' ਇਸ ਦਾ ਸਭ ਤੋਂ ਵੱਡਾ ਸਬੂਤ ਹੈ।

ਇਸ ਦੀ ਸ਼ੁਰੂਆਤ ਪਿਛਲੇ ਸਾਲ ਅਕਤੂਬਰ 'ਚ ਹੋਈ ਸੀ, ਜਦੋਂ ਯੂ ਪੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਸੀ ਕਿ ਉਹ 2010 ਵਿੱਚ ਇਲਾਹਾਬਾਦ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ 16 ਅਪੀਲਾਂ 'ਤੇ ਫੌਰਨ ਸੁਣਵਾਈ ਕਰੇ। ਇਲਾਹਾਬਾਦ ਹਾਈ ਕੋਰਟ ਨੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਵਿੱਚ 2.77 ਏਕੜ ਜ਼ਮੀਨ ਬਾਰੇ ਫੈਸਲਾ ਦਿੱਤਾ ਸੀ ਕਿ ਇਸ ਨੂੰ ਰਾਮ ਲੱਲਾ, ਸੁੰਨੀ ਵਕਫ ਬੋਰਡ ਅਤੇ ਨਿਰਮੋਹੀ ਅਖਾੜੇ ਵਿਚਾਲੇ ਬਰਾਬਰ ਵੰਡ ਦਿੱਤਾ ਜਾਵੇ। ਸੁਪਰੀਮ ਕੋਰਟ ਨੇ ਇਸ ਦੀ ਸੁਣਵਾਈ ਚਾਰ ਜਨਵਰੀ ਤੱਕ ਲਈ ਟਾਲ ਦਿੱਤੀ ਤਾਂ ਇਸ ਤੋਂ ਨਾਰਾਜ਼ ਹੋ ਕੇ ਹਿੰਦੂਤਵ ਬ੍ਰਿਗੇਡ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਬਾਰੇ ਆਰਡੀਨੈਂਸ ਜਾਰੀ ਕਰੇ। ਇਸ ਨੂੰ ਪ੍ਰਧਾਨ ਮੰਤਰੀ ਨੇ ਇਹ ਕਹਿ ਕੇ ਠੁਕਰਾ ਦਿੱਤਾ ਸੀ ਕਿ ਇਸ ਬਾਰੇ ਕੋਈ ਵੀ ਫੈਸਲਾ ਜੁਡੀਸ਼ਲ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਲਿਆ ਜਾਏਗਾ, ਪਰ ਸੁਪਰੀਮ ਕੋਰਟ ਨੇ ਫਿਰ ਸੰਘ ਪਰਵਾਰ ਦੀ ਇੱਛਾ ਮੁਤਾਬਕ ਫੈਸਲਾ ਨਹੀਂ ਲਿਆ ਤੇ ਕੇਸ ਦੀ ਸੁਣਵਾਈ ਦੀ ਅਗਲੀ ਤਰੀਕ 30 ਸਕਿੰਟਾਂ ਅੰਦਰ ਹੀ 10 ਜਨਵਰੀ ਨਿਰਧਾਰਤ ਕਰ ਦਿੱਤੀ ਹੈ।

ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਬਾਰੇ ਪਾਏ ਜਾ ਰਹੇ ਰੌਲੇ ਰੱਪੇ ਦੇ ਸਮੇਂ ਬਾਰੇ ਕਈ ਸਵਾਲ ਉਠੇ ਹਨ ਅਤੇ ਇਹ ਵੀ ਕਿ ਚੋਣਾਂ ਮੌਕੇ ਭਾਜਪਾ ਲਈ ਅਯੁੱਧਿਆ ਮੁੱਦਾ ਅਹਿਮ ਕਿਉਂ ਹੈ? ਸੰਘ ਪਰਵਾਰ ਚੋਣਾਂ ਨੇੜੇ ਆਉਣ 'ਤੇ ਹੀ ਇਸ ਮੁੱਦੇ ਨੂੰ ਕਿਉਂ ਉਠਾਉਂਦਾ ਹੈ? ਸਾਲ 1989 ਤੋਂ ਇਹੋ ਸਥਿਤੀ ਬਣੀ ਹੋਈ ਹੈ। ਚੋਣਾਂ ਆਉਂਦਿਆਂ ਹੀ ਸੰਘ ਪਰਵਾਰ ਰਾਮ ਮੰਦਰ ਮੁੱਦੇ ਨੂੰ ਛੇੜ ਦਿੰਦਾ ਹੈ ਤੇ ਇਸ ਤੋਂ ਚੋਣ ਲਾਭ ਉਠਾਉਂਦਾ ਹੈ। ਸਾਲ 1989 ਵਿੱਚ ਰਾਮ ਮੰਦਰ ਦਾ ਨੀਂਹ ਪੱਥਰ ਰੱਖਣ ਤੋਂ ਲੈ ਕੇ ਸੰਘ ਪਰਵਾਰ ਲਈ ਅਯੁੱਧਿਆ ਇੱਕ ਕੇਂਦਰੀ ਬਿੰਦੂ ਬਣ ਗਿਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਇਸ ਨੂੰ ਰਾਸ਼ਟਰਵਾਦ ਦਾ ਮੁੱਦਾ ਅਤੇ ਭਾਰਤੀ ਚੇਤਨਾ ਦਾ ਕੇਂਦਰ ਦੱਸਦੇ ਹਨ।

ਅਡਵਾਨੀ ਦੀ ਰੱਥ ਯਾਤਰਾ ਨੇ ਇਸ ਨੂੰ ਹਿੰਦੂ ਰਾਸ਼ਟਰਵਾਦ ਦਾ ਰੂਪ ਦਿੱਤਾ। ਉਸ ਪਿੱਛੋਂ ਕਾਰ-ਸੇਵਾ ਸ਼ੁਰੂ ਕਰ ਕੇ ਬਾਬਰੀ ਮਸਜਿਦ ਢਾਹ ਦਿੱਤੀ ਗਈ। ਸੰਘ ਪਰਵਾਰ ਕੋਈ ਵੀ ਚੋਣਾਂ ਆਉਣ ਤੋਂ ਕੁਝ ਮਹੀਨੇ ਪਹਿਲਾਂ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਦਾ ਵਾਅਦਾ ਕਰਦਾ ਹੈ। 1991 ਵਿੱਚ ਵੀ ਉਸ ਨੇ ਇਹੋ ਕੀਤਾ, ਜਿਸ ਦਾ ਭਾਜਪਾ ਨੂੰ ਲਾਭ ਹੋਇਆ ਕਿਉਂਕਿ 1984 ਵਿੱਚ ਲੋਕ ਸਭਾ ਅੰਦਰ ਭਾਜਪਾ ਦੇ ਦੋ ਮੈਂਬਰਾਂ ਤੋਂ 1991 ਵਿੱਚ ਉਨ੍ਹਾਂ ਦੀ ਗਿਣਤੀ 91 ਹੋ ਗਈ। ਉਸ ਤੋਂ ਬਾਅਦ ਕੇਂਦਰ ਤੇ ਰਾਜਾਂ ਵਿੱਚ ਭਾਜਪਾ ਨੂੰ ਇਸ ਮੁੱਦੇ ਨਾਲ ਲਾਭ ਮਿਲਦਾ ਰਿਹਾ। 1996 ਦੀਆਂ ਯੂ ਪੀ ਵਿਧਾਨ ਸਭਾ ਚੋਣਾਂ 'ਚ ਭਾਜਪਾ ਇਕੱਲੀ ਸਭ ਤੋਂ ਵੱਡੀ ਪਾਰਟੀ ਬਣੀ। 1999 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ ਵਾਅਦਾ ਕੀਤਾ ਕਿ ਸੰਨ 2000 ਤੱਕ ਮੰਦਰ ਦੀ ਉਸਾਰੀ ਸ਼ੁਰੂ ਹੋ ਜਾਵੇਗੀ। ਫਿਰ 2004 ਅਤੇ 2009 ਵਿੱਚ ਵੀ ਇਹੋ ਸਥਿਤੀ ਰਹੀ।

ਲੋਕ ਸਭਾ 'ਚ ਇਸ ਵੇਲੇ ਭਾਜਪਾ ਦੇ 273 ਐੱਮ ਪੀ ਹਨ ਤੇ ਉਤਰ ਪ੍ਰਦੇਸ਼ ਵਿੱਚ ਵੀ ਇਸ ਦੀ ਸਰਕਾਰ ਹੈ, ਪਰ 'ਸ਼ੇਰ ਆਇਆ-ਸ਼ੇਰ ਆਇਆ' ਵਾਂਗ ਇਹ ਮੁੱਦਾ ਆਪਣੀ ਸਾਰਥਿਕਤਾ ਗੁਆ ਰਿਹਾ ਹੈ। ਉੱਚ ਜਾਤ ਵਾਲੇ ਹਿੰਦੂਆਂ ਦਾ ਭਾਜਪਾ ਤੋਂ ਮੋਹ ਭੰਗ ਹੋ ਰਿਹਾ ਹੈ ਤੇ ਕੁਝ ਲੋਕ ਮੁੜ ਕਾਂਗਰਸ ਵੱਲ ਦੇਖਣ ਲੱਗ ਪਏ ਹਨ, ਜਦ ਕਿ ਨਵੀਂ ਪੀੜ੍ਹੀ ਇਸ ਨੂੰ ਮੁੱਦਾ ਹੀ ਨਹੀਂ ਮੰਨਦੀ, ਉਹ ਰੋਜ਼ਗਾਰ, ਆਰਥਿਕ ਤਰੱਕੀ, ਜੀਵਨ ਦੀ ਗੁਣਵੱਤਾ ਨੂੰ ਵੱਧ ਮਹੱਤਵ ਦਿੰਦੀ ਹੈ। ਸੁਪਰੀਮ ਕੋਰਟ ਨੇ ਵਿਵਾਦ ਵਾਲੀ ਜਗ੍ਹਾ 'ਤੇ ਸਥਿਤੀ ਜਿਉਂ ਦੀ ਤਿਉਂ ਬਣਾਉਣ ਦਾ ਹੁਕਮ ਦਿੱਤਾ ਹੈ ਅਤੇ ਸੰਘ ਪਰਵਾਰ ਨੂੰ ਲੱਗਣ ਲੱਗਾ ਹੈ ਕਿ ਇਸ ਮੁੱਦੇ ਨਾਲ ਲੋੜੀਂਦਾ ਲਾਭ ਨਹੀਂ



ਮਿਲ ਸਕਦਾ, ਫਿਰ ਵੀ ਉਹ ਇਸ ਨੂੰ ਛੱਡਣਾ ਨਹੀਂ ਚਾਹੁੰਦਾ।

ਹਾਲ ਹੀ ਦੇ ਹਫਤਿਆਂ 'ਚ ਅਯੁੱਧਿਆ ਮੁੱਦੇ ਦਾ ਫਿਰ ਗਰਮਾਉਣਾ ਆਪਾ-ਵਿਰੋਧ ਹੈ ਕਿਉਂਕਿ 2014 'ਚ ਭਾਜਪਾ ਨੇ 'ਚੰਗੇ ਦਿਨ' ਰੋਜ਼ਗਾਰ, ਭ੍ਰਿਸ਼ਟਾਚਾਰ ਤੋਂ ਮੁਕਤ ਸ਼ਾਸਨ ਤੇ ਨਵੇਂ ਭਾਰਤ ਦੇ ਨਿਰਮਾਣ ਦੇ ਵਾਅਦੇ ਨਾਲ ਜਿੱਤ ਪ੍ਰਾਪਤ ਕੀਤੀ ਸੀ, ਪਰ ਪਿੱਛੇ ਜਿਹੇ ਹੋਈਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਤਿੰਨ ਵੱਡੇ ਰਾਜਾਂ ਵਿੱਚ ਭਾਜਪਾ ਦੀ ਹਾਰ ਅਤੇ ਆਮ ਆਦਮੀ ਦਾ ਪਾਰਟੀ ਤੋਂ ਮੋਹ ਭੰਗ ਹੋਣ ਕਰ ਕੇ ਇਸ ਦੀ ਨਿਰਾਸ਼ਾ ਸਮਝੀ ਜਾ ਸਕਦੀ ਹੈ, ਇਸ ਲਈ ਭਾਜਪਾ ਹੁਣ ਆਮ ਚੋਣਾਂ ਲਈ ਕੋਈ ਨਵਾਂ ਫਾਰਮੂਲਾ ਲੱਭ ਰਹੀ ਹੈ। ਇੱਕ ਸਾਲ ਪਹਿਲਾਂ ਲੱਗਦਾ ਸੀ ਕਿ ਭਾਜਪਾ ਆਮ ਚੋਣਾਂ ਜਿੱਤ ਜਾਵੇਗੀ, ਪਰ ਅੱਜ ਉਸ ਦੀ ਜਿੱਤ ਯਕੀਨੀ ਨਹੀਂ ਲੱਗਦੀ। ਇਸ ਲਈ ਅਯੁੱਧਿਆ 'ਚ ਰਾਮ ਮੰਦਰ ਦਾ ਮੁੱਦਾ ਉਛਾਲਿਆ ਗਿਆ ਹੈ ਤੇ ਭਾਜਪਾ ਨੂੰ ਉਮੀਦ ਹੈ ਕਿ ਇਸ ਨਾਲ ਹਿੰਦੂ ਵੋਟਾਂ ਇਕਜੁੱਟ ਹੋਣਗੀਆਂ ਅਤੇ ਭਾਜਪਾ ਨੂੰ ਮੁੜ ਸੱਤਾ ਵਿੱਚ ਆਉਣ ਦਾ ਮੌਕਾ ਮਿਲੇਗਾ।

ਇਸ ਮੁੱਦੇ ਨੂੰ ਅੱਗੇ ਵਧਾਉਣ ਵਿੱਚ ਆਰ ਐਸ ਐਸ ਦੀ ਮੋਹਰੀ ਭੂਮਿਕਾ ਹੈ। ਸੰਘ ਦੇ ਮੁਖੀ ਭਾਗਵਤ ਨੇ ਕਿਹਾ ਹੈ ਕਿ ਅਯੁੱਧਿਆ 'ਚ ਸਿਰਫ ਰਾਮ ਮੰਦਰ ਬਣਾਇਆ ਜਾਵੇਗਾ। ਦੂਜੇ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ ਕਹਿੰਦੀ ਹੈ ਕਿ ਅਦਾਲਤ ਦੇ ਫੈਸਲੇ ਲਈ ਹਿੰਦੂ ਅਣਮਿੱਥੇ ਸਮੇਂ ਤੱਕ ਉਡੀਕ ਨਹੀਂ ਕਰ ਸਕਦੇ। ਭਗਵਾ ਬ੍ਰਿਗੇਡ ਦੁਚਿੱਤੀ ਵਾਲੀ ਸਥਿਤੀ 'ਚ ਹੈ ਕਿ ਉਹ ਸਰਕਾਰ ਦਾ ਰੁਖ਼ ਅਪਣਾਏ ਜਾਂ ਇਸ ਮੁੱਦੇ 'ਤੇ ਆਪਣੇ ਅੰਦੋਲਨ ਨੂੰ ਅੱਗੇ ਵਧਾਏ।

ਇਸ ਸਮੇਂ ਮੋਦੀ ਸਮਰਥਕ ਧੜਾ ਸਥਿਤੀ ਨੂੰ ਜਿਉਂ ਦੀ ਤਿਉਂ ਬਣਾਈ ਰੱਖਣਾ ਚਾਹੁੰਦਾ ਹੈ ਅਤੇ ਰਾਮ ਮੰਦਰ ਦੀ ਉਸਾਰੀ ਦਾ ਮਾਹੌਲ ਬਣਾਉਣਾ ਚਾਹੁੰਦਾ ਹੈ। ਕੱਟੜਵਾਦੀ ਧੜਾ ਇਸ ਮੁੱਦੇ ਉੱਤੇ ਪੈਰ ਪਿੱਛੇ ਖਿੱਚਣ ਕਰ ਕੇ ਨਾਰਾਜ਼ ਹੈ। ਪਰਵਾਰ ਦੇ ਕੁਝ ਲੋਕਾਂ ਦਾ ਮੰਨਣਾ ਹੈ ਕਿ ਸੰਘ ਇਸ ਅੰਦੋਲਨ ਨੂੰ ਕਮਜ਼ੋਰ ਹੋਣ ਨਹੀਂ ਦੇ ਸਕਦਾ, ਇਸੇ ਲਈ ਅਯੁੱਧਿਆ ਮੁੱਦੇ ਨੂੰ ਮੁੜ ਉਛਾਲਿਆ ਗਿਆ ਹੈ। ਜੇ ਸਰਕਾਰ ਅਤੇ ਆਪਣੇ ਸੰਗਠਨ ਚੋਂ ਕਿਸੇ ਇੱਕ ਨੂੰ ਚੁਣਨ ਦੀ ਵਾਰੀ ਆਈ ਤਾਂ ਸੰਘ ਆਪਣੇ ਸੰਗਠਨ ਨੂੰ ਚੁਣੇਗਾ, ਹਾਲਾਂਕਿ ਕੇਂਦਰ ਦੇ ਫੈਸਲਿਆਂ ਅਤੇ ਨੀਤੀਆਂ ਨਾਲ ਉਸ ਨੂੰ ਲਾਭ ਹੋਇਆ ਹੈ।

ਭਾਜਪਾ ਲਈ ਅਯੁੱਧਿਆ ਕਰੋ ਜਾਂ ਮਰੋ ਦਾ ਸੰਘਰਸ਼ ਹੈ ਕਿਉਂਕਿ ਉਤਰ ਪ੍ਰਦੇਸ਼ ਤੋਂ ਲੋਕ ਸਭਾ ਵਿੱਚ ਅੱਸੀ ਸੀਟਾਂ ਹਨ ਅਤੇ ਉਸ ਨੂੰ ਉਮੀਦ ਹੈ ਕਿ ਭਗਵਾਨ ਰਾਮ ਉਸ 'ਤੇ ਕ੍ਰਿਪਾ ਕਰਨਗੇ। ਹਾਰ ਦਾ ਮਤਲਬ ਹੈ ਭਾਰਤ 'ਤੇ ਰਾਜ ਕਰਨ ਅਤੇ 'ਕਾਂਗਰਸ-ਮੁਕਤ ਭਾਰਤ' ਬਣਾਉਣ ਦਾ ਸੁਫਨਾ ਟੁੱਟ ਜਾਵੇਗਾ ਅਤੇ ਉਸ ਦੀ ਸਿਆਸੀ ਹੋਂਦ ਲਈ ਸੰਕਟ ਪੈਦਾ ਹੋ ਜਾਵੇਗਾ। ਲੱਗਦਾ ਹੈ ਕਿ ਮੋਦੀ ਸਰਕਾਰ ਕੋਲ ਸਮਾਂ ਨਹੀਂ ਹੈ, ਕਿਉਂਕਿ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਲਈ ਸੰਘ ਦੇ ਸਮਰਥਕ ਆਪਣੀ ਰੂਪ-ਰੇਖਾ ਤੈਅ ਕਰਨ ਲੱਗ ਪਏ ਹਨ। ਇਸੇ ਲਈ ਹਿੰਦੂਤਵ ਬ੍ਰਿਗੇਡ ਪੁਰਾਣੇ ਫਾਰਮੂਲੇ 'ਤੇ ਉਤਰ ਆਈ ਹੈ, ਜਿਸ ਨੇ ਮੰਦਰ ਨੂੰ ਮੁੜ ਤੋਂ ਮੁੱਖ ਮੁੱਦਾ ਬਣਾਇਆ ਹੈ, ਜਿਸ 'ਤੇ ਮੁੜ ਤੋਂ ਵੋਟਰਾਂ ਦਾ ਧਰੁਵੀਕਰਨ ਕੀਤਾ ਜਾ ਸਕਦਾ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਹਰੇਕ ਲੋਕ ਸਭਾ ਚੋਣ ਹਲਕੇ ਵਿੱਚ ਧਰਮ ਸੰਸਦ ਆਯੋਜਤ ਕਰਨ ਦੀ ਯੋਜਨਾ ਬਣਾਈ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ ਲਈ ਲੋਕਾਂ ਦਾ ਸਮਰਥਨ ਜੁਟਾਉਣ ਲਈ ਘਰ-ਘਰ ਜਾਣ ਦੀ ਮੁਹਿੰਮ ਦੀ ਤਿਆਰੀ ਸ਼ੁਰੂ ਕਰ ਰਿਹਾ ਹੈ। ਇਹ ਮੁੱਦਾ ਹਮੇਸ਼ਾ ਤੋਂ ਹੀ ਉਨ੍ਹਾਂ ਦੀ ਧਰਮ ਆਧਾਰਤ ਸਿਆਸਤ ਦਾ ਹਿੱਸਾ ਰਿਹਾ ਹੈ।

ਅਯੁੱਧਿਆ ਮੁੱਦੇ ਨੂੰ ਮੁੜ ਕੇਂਦਰ 'ਚ ਲਿਆਉਣ ਨਾਲ ਭਾਜਪਾ ਦੇ ਵਰਕਰਾਂ ਅਤੇ ਰਵਾਇਤੀ ਵੋਟਰਾਂ 'ਚ ਅਗਲੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਪ੍ਰਤੀ ਕੁਝ ਭਰੋਸੇਯੋਗਤਾ ਵਧੇਗੀ, ਪਰ ਕੀ ਮੋਦੀ ਵਾਲੀ ਐਨ ਡੀ ਏ ਸਰਕਾਰ ਸੰਘ ਦੇ ਇਸ ਕਦਮ ਦਾ ਸਮਰਥਨ ਕਰੇਗੀ? ਭਾਜਪਾ ਦੇ ਇੱਕ ਰਾਜ ਸਭਾ ਮੈਂਬਰ ਨੇ ਪਹਿਲਾਂ ਹੀ ਕਹਿ ਦਿੱਤਾ ਹੈ ਕਿ ਰਾਮ ਮੰਦਰ ਦੀ ਉਸਾਰੀ ਲਈ ਉਹ ਗੈਰ ਸਰਕਾਰੀ ਮੈਂਬਰ ਬਿੱਲ ਪੇਸ਼ ਕਰੇਗਾ ਕਿਉਂਕਿ ਰਾਮ ਮੰਦਰ ਹਿੰਦੂ ਸਮਾਜ ਦੀ ਤਰਜੀਹ ਹੈ।

ਕੁੱਲ ਮਿਲਾ ਕੇ ਵਿਵਾਦਪੂਰਨ ਜਗ੍ਹਾ ਤੋਂ ਮਸਜਿਦ ਹਟਾ ਦਿੱਤੀ ਗਈ ਹੈ ਤੇ ਉਥੇ ਕੁਝ ਏਕੜ ਜ਼ਮੀਨ ਪਈ ਹੋਈ ਹੈ, ਜੋ ਕਾਨੂੰਨੀ ਵਿਵਾਦ 'ਚ ਫਸੀ ਹੋਈ ਹੈ। ਕੀ ਮੋਦੀ ਸਰਕਾਰ ਭਾਜਪਾ ਦੇ ਕੁਝ ਦੋਸਤਾਂ ਅਤੇ ਸਹਿਯੋਗੀਆਂ ਦੇ ਵਿਰੋਧ ਦੇ ਬਾਵਜੂਦ ਅਯੁੱਧਿਆ ਮਾਮਲੇ 'ਚ ਜੂਆ ਖੇਡੇਗੀ? ਪਾਰਟੀ ਦੁਚਿੱਤੀ 'ਚ ਹੈ ਤੇ ਹਾਲੇ ਭਾਜਪਾ ਇਸ ਮੁੱਦੇ 'ਤੇ ਕਈ ਮੁਸ਼ਕਲਾਂ ਦਾ ਸਾਹ-ਮਣਾ ਕਰ ਰਹੀ ਹੈ। ਸਿਆਸਤ ਅਸਲ ਵਿੱਚ ਤ੍ਰਾਸਦੀਆਂ ਨਾਲ ਭਰੀ ਹੋਈ ਹੈ। ਦੇਖਣਾ ਇਹ ਹੈ ਕਿ ਕੀ ਅਯੁੱਧਿਆ ਮੁੱਦਾ ਅਗਲੀਆਂ ਚੋਣਾਂ ਵਿੱਚ ਮੋਦੀ ਅਤੇ ਸੰਘ ਦਾ ਅੰਤ ਕਰੇਗਾ ਜਾਂ ਉਸ ਨੂੰ ਸਿਆਸੀ ਨਿਰਵਾਣ ਪ੍ਰਾਪਤ ਹੋਵੇਗਾ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd
Mcvean Dr
Gore Rd
DENTISTRY
Squire Ellis Dr
Countryside Dr
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Call for Free Estimates
A-1 RENOVATION
GTA INC
New Basement $1,000 off with this flyer
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

Jobs Jobs Jobs
General Labour/ Drivers/ Window Assemblers & Machine Operators
ਅੱਜ ਆਓ ਤੇ ਕੱਲ ਕੰਮ ਤੇ ਜਾਓ
- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.618.6030/416 477 3344
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ



# ਜੱਗੀ ਜੌਹਲ ਤੇ ਹੋਰਨਾਂ ਦੀ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਦੇ ਅੱਗੇ ਪੇਸ਼ੀ, ਅਗਲੀ ਸੁਣਵਾਈ 21 ਨੂੰ

ਮੋਗਾ, 8 ਜਨਵਰੀ (ਪੋਸਟ ਬਿਊਰੋ)- ਦੋ ਸਾਲ ਪਹਿਲਾਂ ਥਾਣਾ ਬਾਘਾ ਪੁਰਾਣਾ ਵਿਖੇ ਹਿੰਦੂ ਨੇਤਾਵਾਂ ਦੇ ਕਤਲ ਕੇਸ ਵਿੱਚ ਨਾਮਜ਼ਦ ਕੀਤੇ ਗਏ ਵਿਅਕਤੀਆਂ ਦੀ ਕੱਲ੍ਹ ਵੀਡੀਓ ਕਾਨਫਰੰਸ ਰਾਹੀਂ ਸਥਾਨਕ ਜ਼ਿਲ੍ਹਾ ਤੇ ਵਧੀਕ ਸੈਸ਼ਨ ਜੱਜ ਚਰਨਜੀਤ ਅਰੋੜਾ ਦੀ ਅਦਾਲਤ ਵਿੱਚ ਪੇਸ਼ੀ ਕਰਵਾਈ ਗਈ ਸੀ। ਅਗਲੀ ਸੁਣਵਾਈ 21 ਜਨਵਰੀ ਨੂੰ ਹੋਵੇਗੀ।

ਮਿਲੀ ਜਾਣਕਾਰੀ ਮੁਤਾਬਕ ਥਾਣਾ ਬਾਘਾਪੁਰਾਣਾ ਪੁਲਸ ਨੇ 17 ਦਸੰਬਰ 2016 ਨੂੰ ਇੱਕ ਕੇਸ ਦਰਜ ਕਰ ਕੇ ਇਸ ਵਿੱਚ ਹਿੰਦੂ ਨੇਤਾਵਾਂ ਦੀ ਮਿੱਥ ਕੇ ਹੱਤਿਆ ਕਰਨ ਵਾਲੇ ਨੌਂ ਜਣਿਆਂ ਨੂੰ ਨਾਮਜ਼ਦ ਕੀਤਾ ਸੀ। ਇਨ੍ਹਾਂ ਉੱਤੇ ਪਹਿਲਾਂ ਵੀ ਪੰਜਾਬ ਦੇ ਦੂਸਰੇ ਜ਼ਿਲ੍ਹਿਆਂ ਦੇ ਵੱਖ-ਵੱਖ ਥਾਣਿਆਂ ਵਿੱਚ ਪੁਲਸ ਨੇ ਕੇਸ ਦਰਜ ਕੀਤੇ ਸਨ। ਇਸ ਕੇਸ ਵਿੱਚ ਪੁਲਸ ਵੱਲੋਂ ਖਾਲਸ ਲਿਬਰੇਸ਼ਨ ਫੋਰਸ ਦੇ ਮੁਖੀ ਹਰਮੰਦਰ ਸਿੰਘ ਮਿੰਟੂ, ਧਰਮਿੰਦਰ ਸਿੰਘ ਗੁਗਨੀ, ਜਗਤਾਰ ਸਿੰਘ ਜੱਗੀ ਜੌਹਲ, ਹਰਦੀਪ ਸਿੰਘ ਸ਼ੇਰਾ, ਰਮਨਦੀਪ ਸਿੰਘ ਰਮਨਾ, ਅਨਿਲ ਕੁਮਾਰ, ਦਲਜੀਤ ਸਿੰਘ ਜਿੰਮੀ, ਤਰਲੋਕ ਸਿੰਘ, ਜਗਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਵਿੱਚ ਨਾਮਜ਼ਦ ਹਰਮੰਦਰ ਸਿੰਘ ਮਿੰਟੂ, ਜੋ ਨਾਭਾ ਜੇਲ੍ਹ ਵਿੱਚ ਬੰਦ ਸੀ, ਦੀ ਪਹਿਲਾਂ ਹੀ ਮੌਤ ਹੋ ਗਈ ਅਤੇ ਜਗਜੀਤ ਸਿੰਘ ਅਤੇ ਤਰਲੋਕ ਸਿੰਘ ਵਗੈਰ ਦੀ ਅਦਾਲਤ ਤੋਂ ਜ਼ਮਾਨਤ ਮਨਜ਼ੂਰ ਹੋ ਚੁੱਕੀ ਹੈ, ਜਿਨ੍ਹਾਂ ਸਮੇਤ ਦੂਸਰੇ ਨਾਮਜ਼ਦ ਦੋਸ਼ੀਆਂ ਦੀ ਕੱਲ੍ਹ ਅਦਾਲਤ ਵਿੱਚ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਕਰਵਾਈ ਗਈ। ਅਦਾਲਤ ਨੇ ਕੁਝ ਗਵਾਹਾਂ ਦੀਆਂ ਗਵਾਹੀਆਂ ਵੀ ਦਰਜ ਕਰਨ ਪਿੱਛੋਂ ਅਗਲੀ ਤਰੀਕ 21 ਜਨਵਰੀ ਸੁਣਵਾਈ ਲਈ ਮਿਥੀ ਹੈ।

# ਫਿਰੋਜ਼ਪੁਰ ਵਿੱਚ 94 ਹਜ਼ਾਰ ਦੇ ਜਾਅਲੀ ਨੋਟਾਂ ਨਾਲ ਦੋ ਜਣੇ ਕਾਬੂ

ਫਿਰੋਜ਼ਪੁਰ, 8 ਜਨਵਰੀ (ਪੋਸਟ ਬਿਊਰੋ)- ਨਾਰਕੋਟਿਕਸ ਸੈਲ ਨੇ 94 ਹਜ਼ਾਰ ਰੁਪਏ ਦੀ ਜਾਅਲੀ ਕਰੰਸੀ ਨਾਲ ਦੋ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਤੋਂ ਕੰਪਿਊਟਰ, ਸਕੈਨਰ ਤੇ ਹੋਰ ਦਸਤਾਵੇਜ਼ ਮਿਲੇ ਹਨ। ਇਨ੍ਹਾਂ ਵਿੱਚੋਂ ਇਕ ਦੋਸ਼ੀ ਟੀਚਰ ਹੈ ਅਤੇ ਦੂਸਰੇ ਦੀ ਪਤਨੀ ਟੀਚਰ ਹੈ। ਇਨ੍ਹਾਂ ਕੋਲੋਂ ਦੋ ਹਜ਼ਾਰ, ਪੰਜ ਸੌ ਅਤੇ ਦੋ ਸੌ ਰੁਪਏ ਦੇ ਲਗਭਗ 275 ਨੋਟ ਮਿਲੇ ਹਨ। ਉਰ ਥਾਣਾ ਕੈਂਟ ਪੁਲਸ ਨੇ ਕੱਲ੍ਹ ਦੋਵਾਂ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।



ਇਸ ਸੰਬੰਧ ਵਿੱਚ ਨਾਰਕੋਟਿਕਸ ਸੈਲ ਦੇ ਏ ਐਸ ਆਈ ਦਲਵਿੰਦਰ ਸਿੰਘ ਨੇ ਪੁਲਸ ਨੂੰ ਬਿਆਨ ਦਿੱਤੇ ਹਨ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਫਰੀਦਕੋਟ ਵਿੱਚ ਫਿਰੋਜ਼ਪੁਰ ਰੋਡ ਦੇ ਸੁੰਦਰ ਨਗਰ ਦੇ ਵਾਸੀ ਸੁਰਜੀਤ ਸਿੰਘ ਅਤੇ ਥਾਣਾ ਗੁਰੂਹਰਸਹਾਏ ਦੇ ਬਾਬੇ ਤਾਰੇ ਵਾਲਾ ਖੂਹ ਦਾ ਵਸਨੀਕ ਦੇਸ ਰਾਜ ਉਰਫ ਦੇਸਾ ਜਾਅਲੀ ਕਰੰਸੀ ਬਣਾ ਕੇ ਬਾਜ਼ਾਰ ਵਿੱਚ ਚਲਾਉਂਦੇ ਹਨ। ਇਸ ਸਮੇਂ ਛਾਉਣੀ ਦੇ ਆਰੀਆ ਅਨਾਥਾਲਯ ਸਕੂਲ ਦੇ ਪਿੱਛੇ ਕੱਚੇ ਰਸਤੇ 'ਤੇ ਦੋਵੇਂ ਜਾਅਲੀ ਕਰੰਸੀ ਲੈ ਕੇ ਜਾ ਰਹੇ ਹਨ। ਪੁਲਸ ਨੇ ਛਾਪਾ ਮਾਰ ਕੇ ਦੋਵਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 94 ਹਜ਼ਾਰ ਦੇ ਜਾਅਲੀ ਨੋਟ ਮਿਲੇ। ਦੇਸ ਰਾਜ ਇਕ ਸਰਕਾਰੀ ਸਕੂਲ ਵਿੱਚ ਟੀਚਰ ਹੈ। ਉਹ ਕਾਂਟ੍ਰੈਕਟ ਉੱਤੇ ਹੈ। ਨਾਰਕੋਟਿਕਸ ਸੈਲ ਦੇ ਅਧਿਕਾਰੀਆਂ ਦੇ ਮੁਤਾਬਕ ਦੋਵੇਂ ਦੋਸ਼ੀ ਦੋ ਹਜ਼ਾਰ, ਪੰਜ ਸੌ ਤੇ ਦੋ ਸੌ ਰੁਪਏ ਦੇ ਨੋਟ ਤਿਆਰ ਕਰਦੇ ਸਮੇਂ ਉਸ ਵਿੱਚ ਚਮਕੀਲੀ ਤਾਰ ਵੀ ਪਾਉਂਦੇ ਸਨ। ਐਸ ਪੀ (ਡੀ) ਬਲਜੀਤ ਸਿੰਘ ਦਾ ਕਹਿਣਾ ਹੈ ਕਿ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਇਹ ਲੋਕ ਕਿਨ੍ਹਾਂ-ਕਿਨ੍ਹਾਂ ਨੂੰ ਜਾਅਲੀ ਕਰੰਸੀ ਸਪਲਾਈ ਕਰਦੇ ਸਨ।

# ਪੋਤਰੇ ਦੀ ਗਵਾਹੀ ਉੱਤੇ ਦਾਦੀ ਦੀ ਉਮਰ ਕੈਦ ਕਾਇਮ ਰਹੀ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਇੱਕ ਨਾਬਾਲਗ ਪੋਤਰੇ ਦੀ ਗਵਾਹੀ ਉਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦਾਦੀ ਅਤੇ ਤਾਏ-ਤਾਈ ਦੀ ਸਜ਼ਾ ਕਾਇਮ ਰੱਖਦੇ ਹੋਏ ਕਿਹਾ ਕਿ ਨਾਬਾਲਗ ਗਵਾਹ ਦੀ ਗਵਾਹੀ 'ਤੇ ਹਮੇਸ਼ਾ ਵਿਸ਼ਵਾਸ ਕੀਤਾ ਜਾ ਸਕਦਾ ਹੈ, ਪ੍ਰੰਤੂ ਸਾਵਧਾਨੀ ਦੇ ਨਾਲ।

ਪੰਜ ਵਿਘੇ ਜ਼ਮੀਨ ਵਿੱਚ ਆਪਣੇ ਇੱਕ ਬੇਟੇ ਦਾ ਹਿੱਸਾ ਨਾ ਦੇਣ ਲਈ ਆਪਣੇ ਵੱਡੇ ਬੇਟੇ ਅਤੇ ਨੂੰਹ ਨਾਲ ਮਿਲ ਕੇ ਛੋਟੀ ਨੂੰਹ ਨੂੰ ਸਾੜ ਕੇ ਮਾਰਨ ਵਾਲੀ ਰਣਜੀਤ ਕੌਰ ਅਤੇ ਉਸ ਦੇ ਰਿਸ਼ਤੇਦਾਰਾਂ ਦੀ ਉਮਰ ਕੈਦ ਦੀ ਸਜ਼ਾ ਕਾਇਮ ਰੱਖਦੇ ਹੋਏ ਹਾਈ ਕੋਰਟ ਨੇ ਕਿਹਾ ਹੈ ਕਿ ਕਰੀਬ 17 ਸਾਲ ਪਹਿਲਾਂ ਹੋਈ ਇਸ ਘਟਨਾ ਦੇ ਚਸ਼ਮਦੀਦ ਮ੍ਰਿਤਕਾ ਦੇ ਨਾਬਾਲਗ ਪੁੱਤਰ ਦੀ ਗਵਾਹੀ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। 21 ਅਪਰੈਲ 2002 ਨੂੰ ਹੋਈ ਇਸ ਘਟਨਾ ਦੌਰਾਨ 15 ਸਾਲਾ ਚਸ਼ਮਦੀਦ ਗਵਾਹ ਦੇ ਬਿਆਨ ਸਹੀ ਮੰਨਦੇ ਹੋਏ ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੀ ਬੈਂਚ ਨੇ ਕਿਹਾ ਕਿ ਆਪਣੀ ਮਾਂ ਦੀ ਹੱਤਿਆ ਦੀ ਵਾਰਦਾਤ ਦੇ ਬਾਰੇ ਲਾਵਾਰਸ ਗਵਾਹ ਵੱਲੋਂ ਦਿੱਤਾ ਬਿਰਤਾਂਤ ਲੜੀਵਾਰ ਹੈ। ਟਰਾਇਲ ਕੋਰਟ ਤੋਂ ਸਜ਼ਾ ਦੇ ਖਿਲਾਫ ਦੋਸ਼ੀਆਂ ਦੀਆਂ ਅਪੀਲਾਂ ਰੱਦ ਕਰਦੇ ਹੋਏ ਹਾਈ ਕੋਰਟ ਨੇ ਪੰਜਾਂ ਦੋਸ਼ੀਆਂ ਦੀ ਜ਼ਮਾਨਤ ਰੱਦ ਕਰ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਦੇ ਹੁਕਮ ਦਿੱਤੇ ਹਨ।

# ਪੰਚਾਇਤ ਚੋਣਾਂ ਸਬੰਧੀ ਹੁਕਮ ਉੱਤੇ ਮੁੜ ਵਿਚਾਰ ਦਾ ਕੇਸ ਅੱਗੇ ਪਿਆ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਪੰਚਾਇਤੀ ਚੋਣਾਂ ਦੌਰਾਨ ਨਾਮਜ਼ਦਗੀਆਂ ਵੇਲੇ ਧੱਕੇਸ਼ਾਹੀ ਅਤੇ ਹੋਰ ਐਨ ਓ ਸੀ ਨਾ ਮਿਲਣ ਆਦਿ ਦੇ ਦੋਸ਼ਾਂ ਨਾਲ ਭਰੀਆਂ ਪਟੀਸ਼ਨਾਂ 'ਤੇ ਹਾਈ ਕੋਰਟ ਵੱਲੋਂ ਸਰਕਾਰ ਨੂੰ ਪਟੀਸ਼ਨਰਾਂ ਤੇ ਅਜਿਹੇ ਹੋਰ ਸਾਰਿਆਂ ਦੇ ਇਤਰਾਜ਼ 'ਤੇ ਫੈਸਲਾ ਲੈਣ ਦੇ ਹੁਕਮ 'ਚ ਸੋਧ ਦੀ ਮੰਗ ਬਾਰੇ ਸੁਣਵਾਈ ਅੱਗੇ ਪੈ ਗਈ ਹੈ।

ਸਰਕਾਰ ਨੇ ਸਬੰਧਤ ਬੈਂਚ ਮੂਹਰੇ ਪੇਸ਼ ਹੋ ਕੇ ਬੇਨਤੀ ਕੀਤੀ ਕਿ ਅਜਿਹੀ ਇਕ ਹੋਰ ਅਪੀਲ ਵਿਚਾਰ ਅਧੀਨ ਹੈ ਤੇ ਇਸ ਦੀ ਸੁਣਵਾਈ 10 ਜਨਵਰੀ ਨੂੰ ਹੋਣੀ ਹੈ, ਇਸ ਲਈ ਮੌਜੂਦਾ ਕੇਸ ਵੀ ਉਸੇ ਦਿਨ ਰੱਖਿਆ ਜਾਵੇ। ਇਸੇ ਉਤੇ ਹਾਈ ਕੋਰਟ ਨੇ ਸਰਕਾਰ ਦੀ ਅਪੀਲ ਦੀ ਸੁਣਵਾਈ ਵੀ 10 ਜਨਵਰੀ ਉੱਤੇ ਪਾ ਦਿੱਤੀ ਹੈ। ਵਰਨਣ ਯੋਗ ਹੈ ਕਿ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਅਰਜ਼ੀ ਦੀ ਸੁਣਵਾਈ ਮੁਲਤਵੀ ਕਰ ਕੇ ਇਕ ਹੋਰ ਡਵੀਜ਼ਨ ਬੈਂਚ ਨੇ ਕਿਹਾ ਸੀ ਕਿ ਜਿਸ ਬੈਂਚ ਨੇ ਹੁਕਮ ਪਾਸ ਕੀਤਾ ਸੀ, ਉਹ ਹੀ ਬੈਂਚ ਆਪਣੇ ਹੁਕਮ ਉੱਤੇ ਮੁੜ ਵਿਚਾਰ ਕਰ ਸਕਦਾ ਹੈ। ਸਰਕਾਰ ਵੱਲੋਂ ਪੇਸ਼ ਹੋਏ ਐਡੀਸ਼ਨਲ ਐਡਵੋਕੇਟ ਜਨਰਲ ਰਮੀਜ਼ਾ ਹਾਕਿਮ ਨੇ ਸਰਕਾਰ ਵੱਲੋਂ ਕਿਹਾ ਸੀ ਕਿ ਹਾਈ ਕੋਰਟ ਦੇ ਹੁਕਮ ਉਪਰੰਤ ਸਰਕਾਰ ਕੋਲ 2707 ਮੰਗ ਪੱਤਰ ਆ ਚੁੱਕੇ ਹਨ ਤੇ ਇਹ ਸਿਲਸਿਲਾ ਜਾਰੀ ਹੈ ਅਤੇ ਦੂਜੇ ਪਾਸੇ ਹਾਈ ਕੋਰਟ ਨੇ ਸਿਰਫ ਸਰਕਾਰ ਨੂੰ ਹੀ 48 ਘੰਟੇ ਵਿੱਚ ਮੰਗ ਪੱਤਰਾਂ 'ਤੇ ਫੈਸਲਾ ਲੈਣ ਦੀ ਹਦਾਇਤ ਕੀਤੀ ਹੋਈ ਹੈ ਅਤੇ ਇਤਰਾਜ਼ ਕਰਨ ਵਾਲਿਆਂ ਲਈ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਤੇ ਜੇ 29 ਤੱਕ ਵੀ ਇਤਰਾਜ਼ ਆਉਂਦੇ ਰਹੇ ਤਾਂ ਚੋਣ ਪ੍ਰਕਿਰਿਆ ਕਿਵੇਂ ਪੂਰੀ ਹੋਵੇਗੀ ਅਤੇ ਇਸ ਤਰ੍ਹਾਂ ਚੋਣ ਲਈ ਜਾਰੀ ਨੋਟੀਫਿਕੇਸ਼ਨ ਦੀ ਕੋਈ ਮਹੱਤਤਾ ਨਹੀਂ ਰਹਿ ਜਾਵੇਗੀ। ਇਸ ਮਾਮਲੇ ਦੀ ਸੁਣਵਾਈ 10 ਜਨਵਰੀ ਨੂੰ ਹੋਵੇਗੀ।

# 550 ਸਾਲਾ ਪ੍ਰਕਾਸ਼ ਪੁਰਬ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰੀ ਸਿੱਕੇ ਜਾਰੀ

ਅੰਮ੍ਰਿਤਸਰ, 8 ਜਨਵਰੀ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਤੌਰ 'ਤੇ ਤਿਆਰ ਕਰਵਾਏ ਸ਼ੁੱਧ ਸੋਨੇ ਤੇ ਚਾਂਦੀ ਦੇ ਚਾਰ ਯਾਦਗਾਰੀ ਸਿੱਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਕੱਲ੍ਹ ਚਾਹਵਾਨ ਸ਼ਰਧਾਲੂਆਂ ਲਈ ਜਾਰੀ ਕਰ ਦਿੱਤੇ ਗਏ। ਇਨ੍ਹਾਂ ਸਿੱਕਿਆਂ 'ਚ 24 ਕੈਰਟ ਸੋਨੇ ਦੇ 10 ਗਰਾਮ ਅਤੇ ਪੰਜ ਗਰਾਮ ਦੇ ਸਿੱਕੇ ਤੇ ਚਾਂਦੀ ਦੇ 50 ਦੇ 25 ਗਰਾਮ ਦੇ ਸਿੱਕੇ ਸ਼ਾਮਲ ਹਨ।

ਮਿਲ ਸਕੀ ਜਾਣਕਾਰੀ ਅਨੁਸਾਰ ਇਨ੍ਹਾਂ ਯਾਦਗਾਰੀ ਸਿੱਕਿਆਂ ਦੇ ਇਕ ਪਾਸੇ 'ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ' ਅਤੇ 'ਗੁ. ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਨਨਕਾਣਾ ਸਾਹਿਬ (ਪਾਕਿ-ਸਤਾਨ) ਦੀ ਤਸਵੀਰ ਹੇਠਾਂ '1469-2019' ਲਿਖਿਆ ਹੋਇਆ ਹੈ ਅਤੇ ਦੂਜੇ ਪਾਸੇ 'ਜਾਹਰ ਪੀਰੁ ਜਗਤੁ ਗੁਰ ਬਾਬਾ' ਦੀ ਪੰਕਤੀ ਦੇ ਨਾਲ ਗੁਰਦੁਆਰਾ ਸ੍ਰੀ ਬੇਰ ਸਾਹਿਬ, ਸੁਲਤਾਨਪੁਰ ਲੋਧੀ ਦੀ ਤਸਵੀਰ ਉਕਰੀ ਹੋਈ ਹੈ। ਕੱਲ੍ਹ ਇਨ੍ਹਾਂ ਸਿੱਕਿਆਂ ਨੂੰ ਸੰਗਤ ਲਈ ਜਾਰੀ ਕੀਤਾ ਗਿਆ।

# ਫੂਲਕਾ ਵੱਲੋਂ ਬਾਦਲ ਪਰਿਵਾਰ ਤੋਂ ਸ਼੍ਰੋਮਣੀ ਕਮੇਟੀ ਦੀ ਮੁਕਤੀ ਲਈ ਮਿਸ਼ਨ ਚਲਾਉਣ ਦਾ ਐਲਾਨ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਸੀਨੀਅਰ ਵਕੀਲ ਐੱਚ ਐੱਸ ਫੂਲਕਾ ਨੇ ਮੀਡੀਆ ਦਾ ਧੰਨਵਾਦ ਕਰਦੇ ਹੋਏ ਕਿਹਾ ਹੈ ਕਿ ਪਹਿਲੇ ਮਿਸ਼ਨ ਵਿਚ ਕਾਮਯਾਬ ਹੋਣ ਤੋਂ ਬਾਅਦ ਉਹ ਬਾਦਲ ਪਰਵਾਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁਕਤ ਕਰਵਾਉਣ ਦਾ ਦੂਸਰਾ ਮਿਸ਼ਨ ਸ਼ੁਰੂ ਕਰਨ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੀਰੀ-ਪੀਰੀ ਸਿਧਾਂਤ ਦੀ ਗਲਤ ਵਰਤੋਂ ਹੋ ਰਹੀ ਹੈ, ਪਰ ਸਾਲ 2015 ਵਿੱਚ ਇਸ ਦੁਰਵਰਤੋਂ ਦੀ ਵੱਡੀ ਸ਼ੁਰੂਆਤ ਹੋਈ ਸੀ।



ਏਥੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ ਫੂਲਕਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਰਾਜਨੀਤੀ ਤੋਂ ਮੁਕਤ ਕਰਾਉਣਾ ਸਿੱਖ ਧਰਮ ਲਈ ਹੀ ਨਹੀਂ, ਪੰਜਾਬ ਅਤੇ ਪੰਜਾਬੀਅਤ ਲਈ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਮੈਂਬਰ ਇਹ ਨਹੀਂ ਸੋਚਦੇ ਕਿ ਗੁਰੂ ਨੂੰ ਕਿਵੇਂ ਖੁਸ਼ ਕਰਨਾ ਹੈ, ਉਨ੍ਹਾਂ ਦਾ ਮੰਤਵ ਵੋਟਰ ਅਤੇ ਬਾਦਲ ਪਰਵਾਰ ਨੂੰ ਖੁਸ਼ ਕਰਨਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਮੁਕਤ ਕਰਵਾਉਣ ਲਈ ਲੋਕਾਂ ਨੂੰ ਸਹੁੰ ਚੁਕਾਉਣਗੇ ਕਿ ਉਹ ਸ਼੍ਰੋਮਣੀ ਕਮੇਟੀ ਦੇ ਸਿਆਸੀਕਰਨ ਤੋਂ ਮੁਕਤੀ ਚਾਹੁੰਦੇ ਹਨ। ਫੂਲਕਾ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਸੀ ਅਤੇ ਸੁਪਰੀਮ ਕੋਰਟ ਨੇ ਪੈਨਲ ਦਾ ਫੈਸਲਾ ਕਰ ਲਿਆ ਹੈ ਇਸ ਤਰ੍ਹਾਂ ਉਹ ਚੀਫ ਗੁਰ-ਦੁਆਰਾ ਇਲੈਕਸ਼ਨ ਕਮਿਸ਼ਨ ਬਣਾਉਣ ਲਈ ਦਬਾਅ ਬਣਾਉਣ ਦਾ ਕੰਮ ਕਰਨਗੇ। ਉਨ੍ਹਾਂ ਲੋਕ ਸਭਾ ਚੋਣ ਲੜਨ ਅਤੇ ਕਿਸੇ ਪਾਰਟੀ ਨਾਲ ਜੁੜਨ ਤੋਂ ਇਨਕਾਰ ਕੀਤਾ, ਪਰ ਨਾਲ ਹੀ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੀ ਇਹੋ ਨੀਤੀ ਰਹੀ ਤਾਂ ਉਹ ਉਨ੍ਹਾਂ ਨੂੰ ਸਮਰਥਨ ਦੇਣਗੇ, ਪਾਰਟੀ ਵਿੱਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਕੇਂਦਰੀ ਮੰਤਰੀ ਵਿਜੇ ਗੋਇਲ ਨਾਲ ਮੁਲਾਕਾਤ ਕਰਨ ਨੂੰ ਉਨ੍ਹਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਵਜੋਂ ਦੇਖਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਭਾਜਪਾ ਵਿੱਚ ਸ਼ਾਮਲ ਨਹੀਂ ਹੋਣਗੇ। ਫੂਲਕਾ ਨੇ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਦਾ ਮਿਸ਼ਨ 84 ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਾ ਹੈ, ਇਸ ਕੰਮ ਲਈ ਭਾਵੇਂ ਉਨ੍ਹਾਂ ਨੂੰ ਕਿੰਨੇ ਵੀ ਅਹੁਦੇ ਛੱਡਣੇ ਪੈਣ।

# ਚੋਣਾਂ ਵਿੱਚ ਹਮਦਰਦੀ ਲੈਣ ਲਈ ਸਾਬਕਾ ਸਰਪੰਚ ਨੇ ਖੁਦ ਕੀਤੀ ਸੀ ਜੀਜੇ ਦੀ ਹੱਤਿਆ

ਅੰਮ੍ਰਿਤਸਰ, 8 ਜਨਵਰੀ (ਪੋਸਟ ਬਿਊਰੋ)- ਬੀਤੀ 29 ਦਸੰਬਰ ਨੂੰ ਜੰਡਿਆਲਾ ਗੁਰੂ ਦੇ ਖਲਹਿਰਾ ਪਿੰਡ ਵਿੱਚ ਸਾਬਕਾ ਕਾਂਗਰਸੀ ਸਰਪੰਚ ਦੇ ਜੀਜੇ ਦੀ ਹੱਤਿਆ ਚੋਣ ਦੀ ਰੰਜਿਸ਼ ਵਿੱਚ ਨਹੀਂ ਹੋਈ ਸੀ, ਸਗੋਂ ਸਾਬਕਾ ਕਾਂਗਰਸੀ ਸਰਪੰਚ ਨੇ ਹੀ ਚੋਣਾਂ ਵਿੱਚ ਹਮਦਰਦੀ ਲੈਣ ਲਈ ਜੀਜੇ ਦੀ ਹੱਤਿਆ ਕਰਵਾਈ ਸੀ।

ਇਸ ਕੇਸ ਦੀ ਜਾਂਚ ਤੋਂ ਇਹ ਭੇਦ ਖੁੱਲ੍ਹਾ ਕਿ ਸਾਬਕਾ ਸਰਪੰਚ ਜਸਮੇਰ ਸਿੰਘ ਦਾ ਵੱਡਾ ਭਰਾ ਸੋਨਾ ਸਿੰਘ ਸਾਬਕਾ ਖਾੜਕੂ ਸੀ। ਤਰਸੇਮ ਸਿੰਘ ਨੇ ਸਾਲ 1991 ਵਿੱਚ ਪੁਲਸ ਨੂੰ ਸੂਚਨਾ ਦੇ ਕੇ ਉਸ ਨੂੰ ਗ੍ਰਿਫਤਾਰ ਕਰਾਇਆ ਸੀ। ਇਸ ਗੁੱਸੇ ਵਿੱਚ ਸਾਬਕਾ ਸਰਪੰਚ ਨੇ ਆਪਣੇ ਜੀਜੇ ਦੀ ਹੱਤਿਆ ਦੀ ਸਾਜ਼ਿਸ਼ ਰਚੀ। ਤਰਸੇਮ ਸਿੰਘ ਦਾ ਕਤਲ ਕਰ ਕੇ ਜਸਮੇਰ ਸਿੰਘ ਨੇ ਭਰਾ ਦਾ ਬਦਲਾ ਵੀ ਲੈ ਲਿਆ ਅਤੇ ਚੋਣਾਂ ਵਿੱਚ ਲੋਕਾਂ ਦੀ ਹਮਦਰਦੀ ਵੀ ਲੈਂਦਾ ਰਿਹਾ, ਪਰ ਪੁਲਸ ਦੇ ਸਾਹਮਣੇ ਝੂਠੀ ਕਹਾਣੀ ਜ਼ਿਆਦਾ ਦੇਰ ਨਹੀਂ ਟਿਕੀ। ਪੁਲਸ ਨੇ ਜਸਮੇਰ ਸਿੰਘ, ਟੀਟੂ ਸਿੰਘ ਤੇ ਜਗੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

ਅੰਮ੍ਰਿਤਸਰ ਦਿਹਾਤੀ ਪੁਲਸ ਦੇ ਮੁਖੀ ਪਰਮਪਾਲ ਸਿੰਘ ਅਤੇ ਐੱਸ ਪੀ (ਡੀ) ਹਰਪਾਲ ਸਿੰਘ ਨੇ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਕਿ 29 ਦਸੰਬਰ ਨੂੰ ਤਰਸੇਮ ਸਿੰਘ ਦੇ ਕਤਲ ਕੇਸ ਵਿੱਚ ਅਕਾਲੀ ਵਰਕਰ ਹਰਜਿੰਦਰ ਸਿੰਘ, ਜਸਪਾਲ ਸਿੰਘ, ਕੁਲਦੀਪ ਸਿੰਘ ਸਣੇ ਤਿੰਨ ਅਣਪਛਾਤੇ ਲੋਕਾਂ ਦੇ ਖਿਲਾਫ ਜੰਡਿਆਲਾ ਗੁਰੂ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੀੜਤ ਧਿਰ ਦੀ ਕਹਾਣੀ ਮਿਲ ਨਹੀਂ ਰਹੀ ਸੀ। ਜਾਂਚ ਸ਼ੁਰੂ ਕੀਤੀ ਤਾਂ ਭੇਦ ਖੁੱਲ੍ਹ ਗਿਆ। ਕਤਲ ਕਰਨ ਤੋਂ ਪਹਿਲਾਂ ਇਹ ਸਾਜ਼ਿਸ਼ ਰਚੀ ਗਈ ਸੀ ਕਿ ਤਰਸੇਮ ਸਿੰਘ ਦੇ ਕਤਲ ਦਾ ਦੋਸ਼ ਅਕਾਲੀ ਵਰਕਰਾਂ 'ਤੇ ਲੱਗੇਗਾ ਤਾਂ ਲੋਕਾਂ ਦੀ ਹਮਦਰਦੀ ਜਸਮੇਰ ਅਤੇ ਉਸ ਦੇ ਪਰਵਾਰ ਨਾਲ ਜੁੜੇਗੀ, ਪਰ ਪੁਲਸ ਨੇ ਪੰਜ ਦਿਨ ਦੀ ਜਾਂਚ ਦੇ ਬਾਅਦ ਦੋਸ਼ੀਆਂ ਦੀ ਕਹਾਣੀ ਸਾਫ ਕਰ ਦਿੱਤੀ ਅਤੇ ਪਹਿਲਾਂ ਨਾਮਜ਼ਦ ਅਕਾਲੀ ਵਰਕਰਾਂ ਨੂੰ ਕਲੀਨ ਚਿਟ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ ਹੈ।

# ਪੋਸਟ ਆਫਿਸ ਵਿੱਚ ਜਮ੍ਹਾ 9395 ਕਰੋੜ ਰੁਪਏ ਦਾ ਦਾਅਵੇਦਾਰ ਹੀ ਕੋਈ ਨਹੀਂ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਵੱਖ ਵੱਖ ਡਾਕਘਰਾਂ ਦੇ ਬੱਚਤ ਖਾਤੇ ਵਿੱਚ 9395 ਕਰੋੜ ਰੁਪਏ ਦੀ ਰਕਮ ਲਾਵਾਰਸ ਪਈ ਹੈ। ਸਭ ਤੋਂ ਜ਼ਿਆਦਾ 2429 ਕਰੋੜ ਰੁਪਏ ਦੀ ਰਾਸ਼ੀ ਕਿਸਾਨ ਵਿਕਾਸ ਪੱਤਰ ਵਿੱਚ ਲਾਵਾਰਸ ਪਈ ਹੈ। ਇਸ ਪਿੱਛੋਂ ਮੰਥਲੀ ਇਨਕਮ ਸਕੀਮ ਵਿੱਚ 2056 ਕਰੋੜ ਰੁਪਏ ਲਾਵਾਰਸ ਪਏ ਹਨ। ਇਸੇ ਤਰ੍ਹਾਂ ਐੱਨ ਐੱਸ ਸੀ 'ਚ ਵੀ 1888 ਕਰੋੜ ਰੁਪਏ ਦਾ ਦਾਅਵਾ ਕਰਨ ਵਾਲਾ ਕੋਈ ਨਹੀਂ ਹੈ।



ਸਭ ਤੋਂ ਵੱਡੀ ਗੱਲ ਇਹ ਕਿ ਲਾਵਾਰਸ ਪਈ ਲਗਭਗ ਅੱਧੀ ਰਕਮ ਪੱਛਮੀ ਬੰਗਾਲ, ਦਿੱਲੀ, ਪੰਜਾਬ ਅਤੇ ਉਤਰ ਪ੍ਰਦੇਸ਼ ਦੇ ਡਾਕਘਰਾਂ ਵਿੱਚ ਹੈ। ਇਸ ਤੋਂ ਪਹਿਲਾਂ ਭਾਰਤੀ ਜੀਵਨ ਬੀਮਾ ਨਿਗਮ (ਐੱਲ ਆਈ ਸੀ) ਦੇ ਖਾਤੇ ਵਿੱਚ ਭਾਰੀ ਮਾਤਰਾ ਵਿੱਚ ਰਕਮ ਲਾਵਾਰਸ ਹੋਣ ਦੀ ਗੱਲ ਸਾਹ-ਮਣੇ ਆਈ ਸੀ। ਸਰਕਾਰੀ ਅੰਕੜਿਆਂ ਮੁਤਾਬਕ 31 ਮਾਰਚ 2018 ਨੂੰ ਲਾਵਾਰਸ ਕੁੱਲ ਰਕਮ 15,166.47 ਕਰੋੜ ਰੁਪਏ ਸੀ। ਅਜਿਹੀਆਂ ਕੰਪਨੀਆਂ ਦੀ ਸੂਚੀ 'ਚ ਜਨਤਕ ਖੇਤਰ ਦੀ ਕੰਪਨੀ ਜੀਵਨ ਬੀਮਾ ਨਿਗਮ ਸਿਖਰ 'ਤੇ ਹੈ, ਜਿਸ ਕੋਲ ਕੁੱਲ 10,509 ਕਰੋੜ ਰੁਪਏ ਦਾ ਕੋਈ ਦਾਅਵੇਦਾਰ ਨਹੀਂ ਹੈ, ਜਦ ਕਿ ਨਿੱਜੀ ਕੰਪਨੀਆਂ ਕੋਲ ਅਜਿਹੀ ਰਕਮ 4,657.45 ਕਰੋੜ ਰੁਪਏ ਹੈ।

# ਪੰਜਾਬ ਸਰਕਾਰ ਦੇ ਰਿਵਿਊ ਵਿੱਚ ਚਾਰ ਮੰਤਰੀਆਂ ਉਤੇ ਉਂਗਲੀ ਉਠੀ

ਚੰਡੀਗੜ੍ਹ, 8 ਜਨਵਰੀ (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਸਰਕਾਰ ਦੇ ਚਾਰ ਮੰਤਰੀਆਂ 'ਤੇ ਉਂਗਲੀ ਉਠ ਰਹੀ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਇਨ੍ਹਾਂ ਮੰਤਰੀਆਂ ਦੇ ਕੰਮ ਤੋਂ ਖੁਸ਼ ਨਹੀਂ ਹਨ। ਕੱਲ੍ਹ ਉਨ੍ਹਾਂ ਨੇ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਦੇ ਨਾਲ ਮੰਤਰੀਆਂ ਦੇ ਕੰਮ ਕਰਨ ਦੀ ਸਮੀਖਿਆ ਕੀਤੀ ਹੈ।

ਇਸ ਸੰਬੰਧ ਵਿੱਚ ਮੰਨਿਆ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਦੇਖਦੇ ਹੋਏ ਕਾਂਗਰਸ ਫਿਲਹਾਲ ਕੋਈ ਵੱਡਾ ਕਦਮ ਚੁੱਕਣ ਦੇ ਰੌਂਅ ਵਿੱਚ ਨਹੀਂ, ਪ੍ਰੰਤੂ ਇਨ੍ਹਾਂ ਮੰਤਰੀਆਂ ਨੂੰ ਸਖਤ ਚਿਤਾਵਨੀ ਦਿੱਤੀ ਜਾ ਸਕਦੀ ਹੈ। ਪਾਰਟੀ ਪੱਧਰ ਦੀ ਬੈਠਕ ਦੇ ਬਾਅਦ ਮੁੱਖ ਮੰਤਰੀ ਨੇ ਕੱਲ੍ਹ ਰਾਹੁਲ ਦੇ ਨਾਲ ਨਵੀਂ ਦਿੱਲੀ ਵਿੱਚ ਵਿਸ਼ੇਸ਼ ਬੈਠਕ ਕੀਤੀ, ਜਿਸ ਦਾ ਮੁੱਖ ਏਜੰਡਾ ਇਨ੍ਹਾਂ ਮੰਤਰੀਆਂ ਦੇ ਕੰਮ ਦੀ ਸਮੀਖਿਆ ਕਰਨਾ ਸੀ। ਪਤਾ ਲੱਗਾ ਹੈ ਕਿ ਮੁੱਖ ਮੰਤਰੀ ਦਫਤਰ ਲੰਬੇ ਸਮੇਂ ਤੋਂ ਮੰਤਰੀਆਂ ਦੇ ਕੰਮ 'ਤੇ ਨਜ਼ਰ ਰੱਖ ਰਿਹਾ ਸੀ। ਐਤਵਾਰ ਜਦ ਕੈਪਟਨ ਅਮਰਿੰਦਰ ਸਿੰਘ ਦਿੱਲੀ ਗਏ ਤਾਂ ਉਨ੍ਹਾਂ ਦੇ ਨਾਲ ਮੰਤਰੀਆਂ ਦੇ ਵਿਭਾਗ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੀ ਰਿਪੋਰਟ ਸੀ ਅਤੇ ਰਾਹੁਲ ਅਤੇ ਕੈਪਟਨ ਦੀ ਬੈਠਕ ਵਿੱਚ ਸਾਰੇ ਮੰਤਰੀਆਂ ਦੀ ਵਰਕਿੰਗ 'ਤੇ ਚਰਚਾ ਹੋਈ ਹੈ। ਮਾਝਾ ਅਤੇ ਦੋਆਬਾ ਦੇ ਇੱਕ-ਇੱਕ ਅਤੇ ਮਾਲਵਾ ਦੇ ਦੋ ਮੰਤਰੀਆਂ ਦੀ ਕਾਰਗੁਜ਼ਾਰੀ ਉੱਤੇ ਉਂਗਲੀ ਉਠੀ ਹੈ। ਮੁੱਖ ਮੰਤਰੀ ਇਹ ਮੰਨਦੇ ਹਨ ਕਿ ਇਨ੍ਹਾਂ ਮੰਤਰੀਆਂ ਦੇ ਕਾਰਨ ਸਰਕਾਰ ਦੇ ਅਕਸ ਨੂੰ ਨੁਕਸਾਨ ਪਹੁੰਚ ਰਿਹਾ ਹੈ। ਇਹ ਮੁੱਦਾ ਦੋ ਮਹੀਨੇ ਪਹਿਲਾ ਵੀ ਉਠਿਆ ਸੀ। ਕਾਂਗਰਸ ਦੀ ਪ੍ਰੇਸ਼ਾਨੀ ਦੋ ਮਹੀਨੇ ਬਾਅਦ ਵੀ ਉਥੇ ਹੀ ਖੜ੍ਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਪਾਰਟੀ ਅਗਲੀਆਂ ਲੋਕ ਸਭਾ ਚੋਣਾਂ ਕਾਰਨ ਮੰਤਰੀ ਮੰਡਲ ਵਿੱਚ ਬਦਲਾਓ ਦੀ ਹਿੰਮਤ ਨਹੀਂ ਕਰ ਰਹੀ। ਜੇ ਕੋਈ ਬਦਲਾਅ ਕੀਤਾ ਗਿਆ ਤਾਂ ਇਸ ਨਾਲ ਕਾਂਗਰਸ ਦੇ ਅਕਸ ਉਤੇ ਅਸਰ ਪਵੇਗਾ ਅਤੇ ਪਾਰਟੀ ਵਿੱਚ ਨਾਰਾਜ਼ਗੀ ਵਧ ਸਕਦੀ ਹੈ, ਜਿਸ ਦਾ ਲੋਕ ਸਭਾ ਚੋਣਾਂ ਵਿੱਚ ਨੁਕਸਾਨ ਹੋ ਸਕਦਾ ਹੈ। ਪਾਰਟੀ ਸੂਤਰਾਂ ਮੁਤਾਬਕ ਇਨ੍ਹਾਂ ਮੰਤਰੀਆਂ ਨੂੰ ਸਿੱਧੀ ਚਿਤਾਵਨੀ ਦਿੱਤੀ ਜਾ ਸਕਦੀ ਹੈ ਕਿ ਉਹ ਜੇ ਆਪਣੀ ਕਾਰਗੁਜ਼ਾਰੀ ਦਾ ਸੁਧਾਰ ਨਹੀਂ ਕਰਦੇ ਤਾਂ ਉਨ੍ਹਾਂ ਦੀ ਕੈਬਨਿਟ ਤੋਂ ਛੁੱਟੀ ਹੋ ਜਾਏਗੀ।

# ਚਾਚੇ ਨੇ ਕਹੀ ਮਾਰ ਕੇ ਨਾਬਾਲਗ ਭਤੀਜੀ ਦਾ ਕਤਲ ਕਰ ਦਿੱਤਾ

ਰਾਏਕੋਟ, 8 ਜਨਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਝੋਰੜਾਂ 'ਚ ਇਕ ਚਾਚੇ ਨੇ ਕਹੀ ਮਾਰ ਕੇ ਨਾਬਾਲਗ ਭਤੀਜੀ ਦਾ ਕਤਲ ਕਰ ਦਿੱਤਾ ਹੈ, ਜਿਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ।

ਇਸ ਸਬੰਧੀ ਥਾਣਾ ਹਠੂਰ 'ਚ ਨੂੰ ਦਿੱਤੇ ਬਿਆਨਾਂ ਵਿੱਚ ਮ੍ਰਿਤਕ ਲੜਕੀ ਹਰਪ੍ਰੀਤ ਕੌਰ (12) ਦੇ ਪਿਤਾ ਸੁਖਦੇਵ ਸਿੰਘ ਬੱਲੂ ਨੇ ਕਿਹਾ ਕਿ ਉਹ ਕੱਲ੍ਹ ਸਵੇਰੇ ਝੋਰੜਾਂ ਪਿੰਡ ਆਪਣੇ ਘਰ ਵਿੱਚ ਆਪਣੀ ਮਾਤਾ ਨਸੀਬ ਕੌਰ ਅਤੇ ਦੋ ਬੇਟੀਆਂ ਗੁਰਪ੍ਰੀਤ ਕੌਰ ਅਤੇ ਛੋਟੀ ਬੇਟੀ ਹਰਪ੍ਰੀਤ ਕੌਰ ਨਾਲ ਬੈਠਾ ਹੋਇਆ ਸੀ। ਉਸ ਦਾ ਭਰਾ ਬਹਾਦਰ ਸਿੰਘ ਵੀ ਘਰ ਵਿੱਚ ਸੀ। ਇਸ ਦੌਰਾਨ ਸੁਖਦੇਵ ਸਿੰਘ ਉਥੋਂ ਉਠ ਕੇ ਬਾਥਰੂਮ ਚਲਾ ਗਿਆ, ਪਰ ਜਦ ਬਾਥਰੂਮ 'ਚੋਂ ਬਾਹਰ ਨਿਕਲਿਆ ਤਾਂ ਦੇਖਿਆ ਕਿ ਉਸ ਦੇ ਭਰਾ ਬਹਾਦਰ ਸਿੰਘ ਦੇ ਹੱਥ ਕਹੀ ਫੜੀ ਹੋਈ ਸੀ ਅਤੇ ਉਸ ਨੇ ਕਹੀ ਦਾ ਵਾਰ ਉਸ ਦੀ ਛੋਟੀ ਬੇਟੀ ਹਰਪ੍ਰੀਤ ਕੌਰ ਦੇ ਸਿਰ ਉੱਤੇ ਕਰ ਦਿੱਤਾ, ਜਿਸ ਨਾਲ ਉਹ ਜ਼ਖਮੀ ਹੋ ਗਈ। ਇਸ ਤੋਂ ਬਾਅਦ ਉਸ ਦਾ ਭਰਾ ਬਹਾਦਰ ਸਿੰਘ ਉਥੋਂ ਫਰਾਰ ਹੋ ਗਿਆ। ਗੰਭੀਰ ਜ਼ਖਮੀ ਹਾਲਤ ਵਿੱਚ ਹਰਪ੍ਰੀਤ ਕੌਰ ਨੂੰ ਲੁਧਿਆਣਾ ਦੇ ਹਸਪਤਾਲ ਲੈ ਕੇ ਗਏ, ਪਰ ਰਾਹ ਵਿੱਚ ਹੀ ਉਸ ਦੀ ਮੌਤ ਹੋ ਗਈ। ਪਤਾ ਲੱਗਾ ਹੈ ਕਿ ਦੋਸ਼ੀ ਸ਼ਰਾਬ ਦੇ ਨਸ਼ੇ ਵਿੱਚ ਸੀ।

# ਬਿਨਾਂ ਡਿਗਰੀ ਵਾਲਾ ਡਾਕਟਰ ਗ੍ਰਿਫਤਾਰ, ਕਲੀਨਿਕ ਸੀਲ ਕੀਤਾ

ਤਰਨ ਤਾਰਨ, 8 ਜਨਵਰੀ (ਪੋਸਟ ਬਿਊਰੋ)- ਪਿੰਡ ਭਲਾਈਪੁਰ ਦੇ ਪ੍ਰਦੀਪ ਸਿੰਘ ਦੀ ਗਰਭਵਤੀ ਪਤਨੀ ਗੁਰਪ੍ਰੀਤ ਕੌਰ ਦੀ ਡਿਲੀਵਰੀ ਵੇਲੇ ਮੌਤ ਪਿੱਛੋਂ ਸਿਹਤ ਵਿਭਾਗ ਨੀਂਦ ਤੋਂ ਜਾਗਿਆ ਹੈ। ਮ੍ਰਿਤਕਾ ਦੇ ਪਤੀ ਦੀ ਸ਼ਿਕਾਇਤ ਉਤੇ ਸਿਹਤ ਵਿਭਾਗ ਨੇ ਉਸ ਕਲੀਨਿਕ 'ਤੇ ਛਾਪਾ ਮਾਰਿਆ, ਜਿਸ ਦੌਰਾਨ ਫਰਜ਼ੀਵਾੜੇ ਦਾ ਪਰਦਾ ਫਾਸ਼ ਹੋਇਆ ਹੈ।

ਇਸ ਬਾਰੇ ਪ੍ਰਦੀਪ ਸਿੰਘ ਵਾਸੀ ਭਲਾਈਪੁਰ ਨੇ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤ ਕੀਤੀ ਸੀ ਕਿ ਉਸ ਦੀ ਪਤਨੀ ਗੁਰਪ੍ਰੀਤ ਕੌਰ ਦੀ ਮੌਤ ਤਿੰਨ ਜਨਵਰੀ ਨੂੰ ਪਿੰਡ ਨਾਗੋਕੇ ਵਿੱਚ ਡਾ. ਹਰਜਿੰਦਰ ਸਿੰਘ ਪੁੱਤਰ ਜੱਗਾ ਸਿੰਘ ਦੇ ਕਲੀਨਿਕ ਉਤੇ ਡਿਲੀਵਰੀ ਵੇਲੇ ਹੋਈ ਸੀ। ਡੀ ਸੀ ਪ੍ਰਦੀਪ ਸਭਰਵਾਲ ਨੇ ਸਿਵਲ ਸਰਜਨ ਡਾ. ਸ਼ਮਸ਼ੇਰ ਸਿੰਘ ਨੂੰ ਮਾਮਲੇ ਦੀ ਜਾਂਚ ਸੌਂਪੀ ਅਤੇ ਸਖਤ ਕਾਰਵਾਈ ਦੇ ਹੁਕਮ ਦਿੱਤੇ। ਸਿਵਲ ਸਰਜਨ ਡਾ. ਸ਼ਮਸ਼ੇਰ ਸਿੰਘ ਨੇ ਮੀਆਂਵਿੰਡ ਦੇ ਐਸ ਐਮ ਓ ਡਾ. ਵੀਮਲ ਵੀਰ ਦੀ ਅਗਵਾਈ ਵਿੱਚ ਟੀਮ ਬਣਾਈ ਤਾਂ ਟੀਮ ਨੇ ਕਲੀਨਿਕ 'ਤੇ ਛਾਪਾ ਮਾ-ਰਿਆ। ਓਥੇ ਪ੍ਰਾਇਮਰੀ ਹੈਲਥ ਕੇਅਰ ਸੈਂਟਰ ਦੇ ਬੋਰਡ ਉੱਤੇ ਡਾ. ਹਰਜਿੰਦਰ ਸਿੰਘ ਦੇ ਨਾਲ ਡਾ. ਪਰਮਜੀਤ ਕੌਰ (ਸੀ ਐਮ ਐਸ ਤੇ ਈ ਡੀ) ਲਿਖਿਆ ਹੋਇਆ ਸੀ। ਜਾਂਚ ਵਿੱਚ ਕਲੀਨਿਕ ਵਿੱਚ ਮੌਜੂਦ ਹਰਜਿੰਦਰ ਸਿੰਘ ਕੋਈ ਸਰਟੀਫਿਕੇਟ ਪੇਸ਼ ਨਹੀਂ ਕਰ ਸਕਿਆ। ਉਸ ਨੇ ਸਿਹਤ ਵਿਭਾਗ ਦੀ ਟੀਮ ਨੂੰ ਬਿਆਨ ਦੇਂਦੇ ਹੋਏ ਦਾਅਵਾ ਕੀਤਾ ਕਿ ਗਰਭਵਤੀ ਗੁਰਪ੍ਰੀਤ ਕੌਰ ਦੀ ਡਿਲੀਵਰੀ ਤਿੰਨ ਜਨਵਰੀ ਨੂੰ ਸਵੇਰੇ ਛੇ ਵਜੇ ਹੋ ਗਈ ਤਾਂ ਹਾਲਤ ਗੰਭੀਰ ਦੇਖ ਕੇ ਉਸ ਨੂੰ ਸਿਵਲ ਹਸਪਤਾਲ ਤਰਨ ਤਾਰਨ ਦਾਖਲ ਕਰਨ ਲਈ ਪਰਵਾਰ ਨੂੰ ਬੇਨਤੀ ਕੀਤੀ ਸੀ। ਪਰਵਾਰ ਨੇ ਸਮੇਂ ਸਿਰ ਗੁਰਪ੍ਰੀਤ ਕੌਰ ਨੂੰ ਓਥੇ ਦਾਖਲ ਨਹੀਂ ਕਰਵਾਇਆ, ਜਿਸ ਦੇ ਕਾਰਨ ਉਸ ਦੀ ਮੌਤ ਹੋ ਗਈ ਹੈ। ਮ੍ਰਿਤਕਾ ਦੇ ਰਿਸ਼ਤੇਦਾਰ ਰਵੀਸ਼ੇਰ ਸਿੰਘ ਦੇ ਬਿਆਨ ਦਰਜ ਕਰਕੇ ਸਿਹਤ ਵਿਭਾਗ ਦੀ ਟੀਮ ਨੇ ਕਲੀਨਿਕ ਦੀ ਜਾਂਚ ਕੀਤੀ ਤਾਂ ਉਥੋਂ ਗਲਤ ਦਵਾਈਆਂ ਮਿਲੀਆਂ। ਮੌਕੇ 'ਤੇ ਡਾ. ਹਰਜਿੰਦਰ ਸਿੰਘ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਦੋਸ਼ੀ ਖਿਲਾਫ ਥਾਣਾ ਵੈਰੋਂਵਾਲ ਵਿੱਚ ਮਾਮਲਾ ਦਰਜ ਕੀਤਾ ਗਿਆ ਹੈ।











# ਦੋ ਧਿਰਾਂ ਦੇ ਸਮਝੌਤੇ ਨਾਲ ਇਰਾਦਾ ਕਤਲ ਦਾ ਕੇਸ ਰੱਦ ਨਹੀਂ ਹੋ ਸਕਦਾ: ਸੁਪਰੀਮ ਕੋਰਟ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਕਤਲ ਦੀ ਕੋਸ਼ਿਸ਼ ਵਰਗੇ ਅਪਰਾਧ ਵਿੱਚ ਦੋਵਾਂ ਧਿਰਾਂ ਵਿੱਚ ਸਮਝੌਤਾ ਹੋਣ ਦੇ ਬਾਅਦ ਵੀ ਕੇਸ ਰੱਦ ਨਹੀਂ ਕੀਤਾ ਜਾ ਸਕਦਾ। ਇਸ ਸੰਬੰਧ ਵਿੱਚ ਮੱਧ ਪ੍ਰਦੇਸ਼ ਹਾਈ ਕੋਰਟ ਦਾ ਇੱਕ ਫੈਸਲਾ ਪਲਟਦੇ ਹੋਏ ਸੁਪਰੀਮ ਕੋਰਟ ਨੇ ਕੱਲ੍ਹ ਇਹ ਟਿੱਪਣੀ ਕੀਤੀ ਹੈ।



ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਐੱਮ ਆਰ ਸ਼ਾਹ ਦੀ ਬੈਂਚ ਨੇ ਗਵਾਲੀਅਰ ਜ਼ਿਲ੍ਹਾ ਅਦਾਲਤ ਨੂੰ ਮਾਹਾਰਾਜਪੁਰ ਥਾਣੇ ਵਿੱਚ ਕਲਿਆਣ ਸਿੰਘ ਦੇ ਖਿਲਾਫ ਦਰਜ ਕਤਲ ਦੀ ਕੋਸ਼ਿਸ਼ ਵਿੱਚ ਸੈਸ਼ਨ ਕੋਰਟ ਵਿੱਚ ਟਰਾਇਲ ਸ਼ੁਰੂ ਕਰਵਾਉਣ ਦਾ ਹੁਕਮ ਦਿੱਤਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਆਈ ਪੀ ਸੀ ਦੀ ਧਾਰਾ 307 ਹੇਠ ਦਰਜ ਕਤਲ ਦੀ ਕੋਸ਼ਿਸ਼ ਦਾ ਮਾਮਲਾ ਨਾਨ ਕੰਪਾਊਂਡੇਬਲ ਅਪਰਾਧ ਹੈ। ਇਸ ਵਿੱਚ ਸਮਝੌਤਾ ਨਹੀਂ ਕਰ ਸਕਦੇ। ਪੀੜਤ ਜੇ ਦੋਸ਼ੀ ਸਮਝੌਤਾ ਕਰ ਵੀ ਲਵੇ ਤਾਂ ਇਹ ਕੇਸ ਰੱਦ ਕਰਨ ਦਾ ਆਧਾਰ ਨਹੀਂ ਬਣਦਾ। ਸੈਸ਼ਨ ਕੋਰਟ ਵਿੱਚ ਟਰਾਇਲ ਨਹੀਂ ਰੋਕਿਆ ਜਾ ਸਕਦਾ। ਵਰਨਣ ਯੋਗ ਹੈ ਕਿ ਮਹਾਰਾਜਪੁਰ ਪੁਲਸ ਨੇ 2013 ਵਿੱਚ ਬੀਰਬਲ ਸ਼ਰਮਾ ਦੀ ਸ਼ਿਕਾਇਤ 'ਤੇ ਕਲਿਆਣ ਸਿੰਘ ਅਤੇ ਹੋਰਨਾਂ ਖਿਲਾਫ ਕਤਲ ਦੀ ਕੋਸ਼ਿਸ਼ ਦਾ ਕੇਸ ਦਰਜ ਕੀਤਾ ਸੀ। ਕਲਿਆਣ 'ਤੇ ਦੋਸ਼ ਸੀ ਕਿ ਉਸ ਨੇ ਦੇਸੀ ਪਿਸਤੌਲ ਨਾਲ ਬੀਰਬਲ 'ਤੇ ਦੋ ਗੋਲੀਆਂ ਚਲਾਈਆਂ। ਸੈਸ਼ਨ ਕੋਰਟ ਤੋਂ ਜ਼ਮਾਨਤ ਨਾ ਮਿਲਣ 'ਤੇ ਦੋਸ਼ੀ ਮੱਧ ਪ੍ਰਦੇਸ਼ ਹਾਈ ਕੋਰਟ ਪਹੁੰਚੇ ਸਨ। ਇਥੇ ਉਨ੍ਹਾਂ ਨੇ ਸ਼ਿਕਾਇਤ ਕਰਤਾ ਨਾਲ ਸਮਝੌਤਾ ਹੋਣ ਦੀ ਜਾਣਕਾਰੀ ਦਿੱਤੀ।

# ਕਸ਼ਮੀਰੀ ਨੌਜਵਾਨਾਂ ਕੋਲ ਨੌਕਰੀ ਨਾ ਹੋਣ ਕਾਰਨ ਬੰਦੂਕਾਂ ਚੁੱਕ ਰਹੇ ਹਨ: ਅਬਦੁੱਲਾ

ਸ਼੍ਰੀਨਗਰ, 8 ਜਨਵਰੀ (ਪੋਸਟ ਬਿਊਰੋ)- ਜੰਮੂ ਅਤੇ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਦਾ ਕਹਿਣਾ ਹੈ ਕਿ ਏਥੋਂ ਦੇ ਨੌਜਵਾਨਾਂ ਕੋਲ ਰੋਜ਼ਗਾਰ ਨਹੀਂ, ਨੌਕਰੀ ਅਤੇ ਕੰਮ ਵੀ ਨਹੀਂ, ਜਿਸ ਕਾਰਨ ਇਹ ਨੌਜਵਾਨ ਬੰਦੂਕਾਂ ਚੁੱਕ ਰਹੇ ਹਨ। ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਜੰਮੂ ਦੇ ਨੌਜਵਾਨ ਸੰਮੇਲਨ ਵਿੱਚ ਕੀਤਾ ਹੈ।



ਉਮਰ ਅਬਦੁੱਲਾ ਨੇ ਕਿਹਾ ਹੈ ਕਿ ਇਹ ਸੰਕਟ ਦਾ ਦੌਰ ਹੈ ਅਤੇ ਇਸ ਸਥਿਤੀ ਉੱਤੇ ਗੰਭੀਰਤਾ ਦੇ ਨਾਲ ਵਿਚਾਰ ਕਰਨਾ ਹੋਵੇਗਾ, ਕਿਉਂ ਨੌਜਵਾਨ ਵਰਗ ਏਦਾਂ ਕਰ ਰਿਹਾ ਹੈ, ਗੁੱਸੇ ਦਾ ਕਾਰਨ ਕੀ ਹੈ ਤੇ ਕਿਉਂ ਉਹ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ। ਉਮਰ ਨੇ ਭਾਜਪਾ ਅਤੇ ਪੀ ਡੀ ਪੀ ਸਰਕਾਰ ਉੱਤੇ ਹਮਲਾ ਬੋਲਦੇ ਹੋਏ ਕਿਹਾ ਕਿ ਸਾਬਕਾ ਸਰਕਾਰ ਨੇ ਇਨ੍ਹਾਂ ਲਈ ਕੁਝ ਨਹੀਂ ਕੀਤਾ। ਵਾਅਦੇ ਕੀਤੇ ਗਏ, ਬਹੁਤ ਭਰੋਸਾ ਵੀ ਦਿੱਤਾ, ਪਰ ਕੰਮ ਨਹੀਂ ਕੀਤਾ ਗਿਆ। ਨੌਜਵਾਨਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਕਿਹਾ ਗਿਆ, ਪਰ ਕਹਿਣੀ ਅਤੇ ਕਰਨੀ ਵਿੱਚ ਬਹੁਤ ਫਰਕ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਕਾਨਫਰੰਸ ਦੇ ਰਾਜ ਦੌਰਾਨ ਇੰਨਾ ਕੁਝ ਨਹੀਂ ਹੋਇਆ, ਜਿਨਾ ਅੱਜ ਹੋ ਰਿਹਾ ਹੈ। ਉਮਰ ਅਬਦੁੱਲਾ ਨੇ ਆਰਥਿਕ ਰੂਪ ਤੋਂ ਪਿਛੜੇ ਵਰਗਾਂ ਨੂੰ ਕੇਂਦਰ ਵੱਲੋਂ ਰਿਜ਼ਰਵੇਸ਼ਨ ਦੇਣ ਦੀ ਗੱਲ 'ਤੇ ਵੀ ਸਵਾਲ ਕੀਤਾ। ਉਨ੍ਹਾਂ ਕਿਹਾ ਕਿ ਸਾਢੇ ਚਾਰ ਸਾਲਾਂ ਤੋਂ ਬਾਅਦ ਇਹ ਕਿਉਂ, ਕੇਂਦਰ ਅਤੇ ਭਾਜਪਾ ਦੇ ਇਰਾਦਾ ਠੀਕ ਨਹੀਂ ਹੈ, ਜਿਹੜੇ ਚੋਣਾਂ ਨੇੜੇ ਆਉਣ 'ਤੇ ਇਸ ਤਰੀਕੇ ਨਾਲ ਰਿਜ਼ਰਵੇਸ਼ਨ ਦੇਣ ਦੀ ਚਰਚਾ ਕਰ ਰਹੇ ਹਨ।

# ਐੱਚ ਏ ਐੱਲ ਕੋਲ ਤਨਖਾਹ ਲਈ ਪੈਸੇ ਨਹੀਂ: ਰਾਹੁਲ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਹਿੰਦੋਸਤਾਨ ਏਅਰੋਨਾਟਿਕਸ ਲਿਮਟਿਡ (ਐੱਚ ਏ ਐੱਲ) ਦੇ ਕਰਮਚਾਰੀਆਂ ਨੂੰ ਤਨਖਾਹ ਨਹੀਂ ਮਿਲ ਰਹੀ ਹੈ। ਜੇ ਇਹ ਹੀ ਹਾਲ ਰਿਹਾ ਤਾਂ ਕਰਮਚਾਰੀ ਨੌਕਰੀ ਲਈ 'ਏ ਏ' (ਅਨਿਲ ਅੰਬਾਨੀ) ਕੋਲ ਜਾਣ ਨੂੰ ਮਜਬੂਰ ਹੋਣਗੇ।

ਇਸ ਸੰਬੰਧ ਵਿੱਚ ਰਾਹੁਲ ਗਾਂਧੀ ਨੇ ਠੇਕੇ ਦੇ ਸੰਬੰਧ ਵਿੱਚ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ 'ਤੇ ਝੂਠ ਬੋਲਣ ਦਾ ਦੋਸ਼ ਲਾਇਆ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰਾਫੇਲ ਕੇਸ ਵਿੱਚ 15 ਮਿੰਟ ਸਿੱਧੀ ਬਹਿਸ ਦੀ ਚੁਣੌਤੀ ਦਿੰਦਿਆਂ ਦਾਅਵਾ ਕੀਤਾ ਕਿ ਮੋਦੀ ਲੋਕ ਸਭਾ ਵਿੱਚ ਆਉਣ ਤੋਂ ਡਰਦੇ ਹਨ। ਉਨ੍ਹਾਂ ਨੇ ਸਰਕਾਰ ਉੱਤੇ ਐੱਚ ਏ ਐੱਲ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਉਂਦਿਆਂ ਇਹ ਸਵਾਲ ਫਿਰ ਦੁਹਰਾਇਆ ਕਿ ਕੀ ਰੱਖਿਆ ਮੰਤਰਾਲਾ ਅਤੇ ਹਵਾਈ ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਜਹਾਜ਼ ਸੌਦੇ ਵਿੱਚ ਪ੍ਰਧਾਨ ਮੰਤਰੀ ਦੇ ਦਖਲ 'ਤੇ ਇਤਰਾਜ਼ ਕੀਤਾ ਸੀ? ਰਾਹੁਲ ਨੇ ਪਾਰਲੀਮੈਂਟ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਕਿਹਾ, "ਰੱਖਿਆ ਮੰਤਰੀ ਨੇ ਢਾਈ ਘੰਟੇ ਭਾਸ਼ਣ ਦਿੱਤਾ। ਪਾਰਲੀਮੈਂਟ ਵਿੱਚ ਕਿਹਾ ਕਿ ਇੱਕ ਲੱਖ ਕਰੋੜ ਰੁਪਏ ਦਾ ਠੇਕਾ ਐੱਚ ਏ ਐੱਲ ਨੂੰ ਮਿਲਿਆ ਹੈ। ਅਸੀਂ ਉਨ੍ਹਾਂ ਨੂੰ ਚੁਣੌਤੀ ਦਿੱਤੀ। ਕੱਲ੍ਹ ਉਨ੍ਹਾਂ ਕਿਹਾ ਕਿ ਐਚ ਏ ਐਲ ਨੂੰ 26570 ਕਰੋੜ ਰੁਪਏ ਦਾ ਠੇਕਾ ਮਿਲਿਆ ਹੈ। ਇਸ ਦਾ ਮਤਲਬ ਹੈ ਕਿ ਨਿਰਮਲਾ ਸੀਤਾਰਮਨ ਨੇ ਸਦਨ ਵਿੱਚ ਝੂਠ ਬੋਲਿਆ ਹੈ।" ਉਨ੍ਹਾਂ ਕਿਹਾ, "ਮੇਰਾ ਫਿਰ ਸਵਾਲ ਹੈ ਕਿ ਜਦੋਂ ਨਰਿੰਦਰ ਮੋਦੀ ਨੇ ਰਾਫੇਲ ਜਹਾਜ਼ ਖਰੀਦ ਲਈ ਨਵਾਂ ਸੌਦਾ ਕੀਤਾ ਸੀ ਤਾਂ ਕੀ ਰੱਖਿਆ ਮੰਤਰਾਲਾ ਅਤੇ ਹਵਾਈ ਫੌਜ ਦੇ ਸੀਨੀਅਰ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਦੇ ਦਖਲ 'ਤੇ ਇਤਰਾਜ਼ ਕੀਤਾ ਸੀ ਜਾਂ ਨਹੀਂ?"

# 550 ਕਰੋੜ ਦੇ ਬਕਾਏ ਬਾਰੇ ਅਨਿਲ ਅੰਬਾਨੀ ਨੂੰ ਸੁਪਰੀਮ ਕੋਰਟ ਦਾ ਨੋਟਿਸ ਜਾਰੀ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 550 ਕਰੋੜ ਰੁਪਏ ਦਾ ਬਕਾਇਆ ਭੁਗਤਾਨ ਨਾ ਕਰਨ ਦੇ ਕੇਸ ਵਿੱਚ ਐਰੀਕਸਨ ਇੰਡੀਆ ਦੀ ਮਾਣਹਾਨੀ ਪਟੀਸ਼ਨ 'ਤੇ ਰਿਲਾਇੰਸ ਕਮਿਊਨੀਕੇਸ਼ਨ ਲਿਮਟਿਡ (ਆਰ ਕਾਮ) ਦੇ ਚੇਅਰਮੈਨ ਅਨਿਲ ਧੀਰੂਭਾਈ ਅੰਬਾਨੀ ਅਤੇ ਹੋਰਨਾਂ ਨੂੰ ਕੱਲ੍ਹ ਨੋਟਿਸ ਜਾਰੀ ਕੀਤੇ।



ਜਸਟਿਸ ਆਰ ਐਫ ਨਰੀਮਨ ਦੀ ਅਗਵਾਈ ਵਾਲੀ ਬੈਂਚ ਨੇ ਅੰਬਾਨੀ ਅਤੇ ਹੋਰਾਂ ਤੋਂ ਚਾਰ ਹਫਤਿਆਂ ਵਿੱਚ ਜਵਾਬ ਮੰਗਿਆ ਹੈ। ਆਰ ਕੱਾਮ ਵੱਲੋਂ ਪੇਸ਼ ਸੀਨੀਅਰ ਵਕੀਲਾਂ ਕਪਿਲ ਸਿੱਬਲ ਅਤੇ ਮੁਕੁਲ ਰੋਹਤਗੀ ਨੇ ਅਦਾਲਤ ਤੋਂ ਐਰੀਕਸਨ ਇੰਡੀਆ ਦੇ ਬਕਾਏ ਦੇ ਭੁਗਤਾਨ ਬਾਰੇ 118 ਕਰੋੜ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਤਾਂ ਐਰੀਕਸਨ ਦੇ ਵਕੀਲ ਨੇ ਇਹ ਰਾਸ਼ੀ ਲੈਣ ਤੋਂ ਇਨਕਾਰ ਕੀਤਾ ਤੇ ਕਿਹਾ ਕਿ 550 ਕਰੋੜ ਰੁਪਏ ਦੀ ਪੂਰੀ ਬਕਾਇਆ ਰਾਸ਼ੀ ਜਮ੍ਹਾ ਹੋਣੀ ਚਾਹੀਦੀ ਹੈ। ਇਸ ਉਤੇ ਬੈਂਚ ਨੇ ਆਰ ਕੱਾਮ ਨੂੰ ਰਜਿਸਟਰੀ ਵਿੱਚ 118 ਕਰੋੜ ਰੁਪਏ ਦਾ ਡਿਮਾਂਡ ਡਰਾਫਟ ਜਮ੍ਹਾ ਕਰਾਉਣ ਦਾ ਹੁਕਮ ਦਿੱਤਾ। ਦੂਸਰੇ ਪਾਸੇ ਸੁਪਰੀਮ ਕੋਰਟ ਨੇ ਰਿਲਾਇੰਸ ਕਮਿਊਨੀਕੇਸ਼ਨ ਲਿਮਟਿਡ ਅਤੇ ਰਿਲਾਇੰਸ ਜਿਓ ਨੂੰ 11 ਜਨਵਰੀ ਤੱਕ ਟੈਲੀਕਾਮ ਵਿਭਾਗ ਦੇ ਪੁਰਾਣੇ ਬਕਾਏ ਵਾਲਾ ਮੁੱਦਾ ਸੁਲਝਾਉਣ ਦਾ ਫੈਸਲਾ ਕਰਨ ਨੂੰ ਕਿਹਾ। ਟੈਲੀਕਾਮ ਵਿਭਾਗ ਨੇ ਇਨ੍ਹਾਂ ਕੰਪਨੀਆਂ ਦੇ ਵਿਚਾਲੇ ਸਪੈਕਟ੍ਰਮ ਦੀ ਖਰੀਦ ਵਿਕਰੀ ਦੇ ਸੌਦੇ ਨੂੰ ਅਜੇ ਮਨਜ਼ੂਰੀ ਨਹੀਂ ਦਿੱਤੀ। ਆਰ ਕਾਮ ਨੇ ਸਵੀਡਨ ਦੀ ਟੈਲੀਕਾਮ ਕੰਪਨੀ ਐਰੀਕਸਨ ਦੇ 550 ਕਰੋੜ ਰੁਪਏ ਦੇ ਬਕਾਏ ਦੇ ਇਕ ਹਿੱਸੇ ਦੇ ਭੁਗਤਾਨ ਕਰਨ ਲਈ ਸੁਪਰੀਮ ਕੋਰਟ ਦੀ ਰਜਿਸਟਰੀ ਵਿੱਚ 131 ਕਰੋੜ ਰੁਪਏ ਜਮ੍ਹਾ ਕੀਤੇ ਹਨ।

# ਅਮਰੀਕਾ 'ਚ ਲਾਪਤਾ ਭਾਰਤੀ ਔਰਤ ਤੇ ਪੁੱਤਰ ਦੀ ਸੂਚਨਾ ਮੰਗੀ

ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਅਮਰੀਕਾ 'ਚ ਲਾਪਤਾ ਹੋਈ ਪ੍ਰਵਾਸੀ ਭਾਰਤੀ ਔਰਤ ਤੇ ਉਸ ਦੇ ਨਾਬਾਲਗ ਬੇਟੇ ਦੀ ਜਾਣਕਾਰੀ ਮੰਗੀ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ ਬੈਂਚ ਨੇ 80 ਸਾਲਾ ਪਿਤਾ ਦੀ ਪਟੀਸ਼ਨ 'ਤੇ ਸਰਕਾਰ ਨੂੰ ਜਾਣਕਾਰੀ ਪੇਸ਼ ਕਰਨ ਦਾ ਆਦੇਸ਼ ਦਿੱਤਾ ਹੈ।

ਇਸ ਸੰਬੰਧ ਵਿੱਚ ਪਟੀਸ਼ਨ ਵਿੱਚ ਰਾਜ ਕਮਲ ਪਿਆਰੇਲਾਲ ਕਨੋਡੀਆ ਨੇ ਅਮਰੀਕਾ ਦੇ ਜਾਰਜੀਆ 'ਚ ਆਪਣੀ ਬੇਟੀ ਮਮਤਾ ਕੁਮਾਰੀ ਕਨੋਡੀਆ ਅਤੇ ਉਸ ਦੇ ਬੇਟੇ ਦੀ ਹੱਤਿਆ ਦੀ ਸ਼ੰਕਾ ਪ੍ਰਗਟਾਈ ਹੈ। ਦੋਸ਼ ਲਾਇਆ ਗਿਆ ਹੈ ਕਿ ਉਸ ਦੇ ਪਤੀ ਅਤੇ ਸਹੁਰੇ ਪਰਵਾਰ ਨੇ ਦੋਵਾਂ ਦਾ ਕਤਲ ਕਰ ਦਿੱਤਾ ਹੈ। ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਮਮਤਾ ਦੇ ਪਤੀ ਨੇ ਆਪਣੇ ਪਹਿਲੇ ਵਿਆਹ ਬਾਰੇ ਬਿਨਾਂ ਦੱਸੇ ਧੋਖੇ ਨਾਲ ਵਿਆਹ ਕੀਤਾ ਸੀ। ਇਸ ਤੋਂ ਬਾਅਦ ਮਮਤਾ ਦਾ ਸ਼ੋਸ਼ਣ ਸ਼ੁਰੂ ਕਰ ਦਿੱਤਾ। ਰਾਜਕਮਲ ਮੁੰਬਈ ਨੇੜਲੇ ਸ਼ਹਿਰ ਠਾਣੇ ਦੇ ਵਾਸੀ ਹਨ ਅਤੇ ਉਨ੍ਹਾਂ ਨੇ 16 ਅਪ੍ਰੈਲ 2016 ਨੂੰ ਆਖਰੀ ਵਾਰ ਉਦੋਂ ਆਪਣੀ ਬੇਟੀ ਨੂੰ ਵੇਖਿਆ ਸੀ, ਜਦੋਂ ਉਹ ਮੁੰਬਈ ਤੋਂ ਅਮਰੀਕਾ ਨੂੰ ਰਵਾਨਾ ਹੋਈ ਸੀ। ਪਿਛਲੇ ਸਾਲ ਜੁਲਾਈ ਵਿੱਚ ਮਮਤਾ ਨੇ ਅਮਰੀਕਾ ਤੋਂ ਫੋਨ ਕਰਕੇ ਮਦਦ ਮੰਗੀ, ਪਰ ਗੱਲ ਪੂਰੀ ਹੋਣ ਤੋਂ ਪਹਿਲਾਂ ਉਸ ਦਾ ਫੋਨ ਕੱਟਿਆ ਗਿਆ ਸੀ। ਇਸ ਤੋਂ ਬਾਅਦ ਉਸ ਦੀ ਆਵਾਜ਼ ਵੀ ਨਹੀਂ ਸੁਣੀ ਗਈ। ਜਸਟਿਸ ਸੰਜੇ ਕ੍ਰਿਸ਼ਨ ਕੌਲ ਦੀ ਮੌਜੂਦਗੀ ਵਾਲੀ ਸੁਪਰੀਮ ਕੋਰਟ ਦੀ ਬੈਂਚ ਨੇ ਕੇਸ ਦੀ ਸੁਣਵਾਈ ਦੋ ਹਫਤੇ ਬਾਅਦ ਮੁੜ ਕਰਨ ਦਾ ਫੈਸਲਾ ਲਿਆ ਹੈ।

## ਭਾਜਪਾ ਵਿੱਚ ਮੋਦੀ-ਸ਼ਾਹ ਤੋਂ ਬਿਨਾਂ ਕਿਸੇ ਦੀ ਪੁੱਛ ਨਹੀਂ: ਗੌਤਮ

ਮੇਰਠ, 8 ਜਨਵਰੀ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਬਾਨੀ ਮੈਂਬਰ ਸੰਘਪ੍ਰਿਯ ਗੌਤਮ ਨੇ ਇੱਕ ਵਾਰ ਫਿਰ ਭਾਜਪਾ ਹਾਈ ਕਮਾਨ 'ਤੇ ਹਮਲਾ ਬੋਲਿਆ ਅਤੇ ਕਿਹਾ ਹੈ ਕਿ ਪਾਰਟੀ ਵਿੱਚ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਤੋਂ ਇਲਾਵਾ ਕਿਸੇ ਹੋਰ ਨੇਤਾ ਦੀ ਕੋਈ ਪੁੱਛ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਵਿੱਚ ਅੱਜ ਉਨ੍ਹਾਂ ਤੋਂ ਇਲਾਵਾ ਕਿਸੇ ਵੀ ਹੋਰ ਨੇਤਾ ਅੰਦਰ ਸੱਚੀ ਅਤੇ ਸਹੀ ਗੱਲ ਕਹਿਣ ਦੀ ਹਿੰਮਤ ਨਹੀਂ। ਇਸ ਸੰਬੰਧ ਵਿੱਚ ਸੰਘਪ੍ਰਿਯ ਗੌਤਮ ਨੇ ਕਿਹਾ ਕਿ ਅੱਜ ਦੀ ਤਰੀਕ ਵਿੱਚ ਭਾਜਪਾ ਵਿੱਚ ਨਰਿੰ-ਦਰ ਮੋਦੀ ਤੇ ਅਮਿਤ ਸ਼ਾਹ ਤੋਂ ਇਲਾਵਾ ਕਿਸੇ ਮੰਤਰੀ, ਪਾਰਲੀਮੈਂਟ ਮੈਂਬਰ ਜਾਂ ਵਿਧਾਇਕ ਦੀ ਕੋਈ ਕੀਮਤ ਨਹੀਂ ਹੈ। ਭਾਜਪਾ ਦੇ ਇਸ ਸਾਬਕਾ ਸੀਨੀਅਰ ਆਗੂ ਨੇ ਕਿਹਾ ਕਿ ਉਨ੍ਹਾਂ ਪਾਰਟੀ ਅਤੇ ਸਰਕਾਰ ਅੰਦਰ ਬਦਲਾਅ ਦੀ ਗੱਲ ਕਹਿ ਕੇ ਨਵਾਂ ਮੁੱਦਾ ਦੇ ਦਿੱਤਾ ਹੈ। ਵੇਖਣਾ ਹੈ ਕਿ 10-11 ਜਨਵਰੀ ਦੀ ਪਾਰਟੀ ਕਾਰਜਕਾਰਨੀ ਦੀ ਬੈਠਕ ਵਿੱਚ ਇਸ ਦੀ ਚਰਚਾ ਹੁੰਦੀ ਹੈ ਜਾਂ ਨਹੀਂ। ਉਨ੍ਹਾਂ ਕਿਹਾ, ਮੇਰੇ ਇਸ ਸੁਝਾਅ 'ਤੇ ਭਾਜਪਾ ਆਗੂ ਕੁਝ ਵੀ ਕਹਿਣ, ਪਰ ਮੇਰੇ ਕੋਲ ਦੇਸ਼ ਭਰ ਦੇ ਪਾਰਟੀ ਆਗੂਆਂ ਤੇ ਕਾਰਕੁਨਾਂ ਦੇ ਫੋਨ ਆ ਰਹੇ ਹਨ ਤੇ ਉਹ ਸਾਰੇ ਮੇਰੇ ਸੁਝਾਅ ਦੀ ਪ੍ਰਸ਼ੰਸਾ ਕਰ ਰਹੇ ਹਨ।

# ਮੋਦੀ ਤੇ ਪੁਤਿਨ ਨੇ ਫੌਜੀ ਸਹਿਯੋਗ ਬਾਰੇ ਵਿਚਾਰ ਕੀਤੀ



ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕੱਲ੍ਹ ਟੈਲੀਫੋਨ ਉਤੇ ਗੱਲ ਕਰਦੇ ਵਕਤ ਪ੍ਰਮੁੱਖ ਦੁਵੱਲੇ ਸਹਿਯੋਗ ਦੇ ਮੁੱਦਿਆਂ ਉੱਤੇ ਚਰਚਾ ਕੀਤੀ ਹੈ, ਜਿਨ੍ਹਾਂ ਵਿੱਚ ਰੱਖਿਆ ਤੇ ਅੱਤਵਾਦ ਦੇ ਵਿਸ਼ੇ ਸ਼ਾਮਲ ਰਹੇ। ਦੋਵਾਂ ਨੇ ਸਹਿਮਤੀ ਪ੍ਰਗਟਾਈ ਕਿ ਭਾਰਤ-ਰੂਸ ਸਹਿਯੋਗ ਕੌਮਾਂਤਰੀ ਮਾਇਨੇ 'ਚ ਅਹਿਮ ਹੈ। ਆਗੂਆਂ ਨੇ ਇਕ ਦੂਜੇ ਨੂੰ ਨਵੇਂ ਸਾਲ ਦੀ ਵਧਾਈ ਵੀ ਦਿੱਤੀ।

ਪ੍ਰਧਾਨ ਮੰਤਰੀ ਦਫਤਰ ਤੋਂ ਜਾਰੀ ਬਿਆਨ ਵਿੱਚ ਦੱਸਿਆ ਗਿਆ, 'ਦੋਵੇਂ ਦੇਸ਼ ਯੂ ਐਨ, ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਦੱਖਣੀ ਅਫਰੀਕਾ), ਸ਼ੰਘਾਈ ਸਹਿਯੋਗ ਸੰਗਠਨ (ਐਸ ਸੀ ਓ) ਤੇ ਕਈ ਹੋਰ ਬਹੁਪੱਖੀ ਸੰਗਠਨਾਂ 'ਚ ਨਜ਼ਦੀਕੀ ਸਲਾਹ ਮਸ਼ਵਰਾ ਜਾਰੀ ਰੱਖਣਗੇ।' ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੁਤਿਨ ਤੇ ਰੂਸੀ ਨਾਗਰਿਕਾਂ ਨੂੰ ਕ੍ਰਿਸਮਸ ਦੀ ਵਧਾਈ ਵੀ ਦਿੱਤੀ, ਜੋ ਉਥੇ ਕੱਲ੍ਹ ਮਨਾਇਆ ਗਿਆ ਹੈ। ਜੂਲੀਅਨ ਕੈਲੰਡਰ ਮੁਤਾਬਕ ਚਰਚ 25 ਦਸੰਬਰ ਨੂੰ ਯਿਸ਼ੂ ਮਸੀਹ ਦਾ ਜਨਮ ਦਿਨ ਮਨਾਉਂਦੇ ਹਨ, ਪਰ ਰੋਮ 'ਚ ਗ੍ਰਿਗੋਰੀਅਨ ਕੈਲੰਡਰ ਨੂੰ ਮੰਨਿਆ ਜਾਂਦਾ ਹੈ। ਇਸ ਦੇ ਮੁਤਾਬਕ ਕ੍ਰਿਸਮਸ ਸੱਤ ਜਨਵਰੀ ਨੂੰ ਹੁੰਦਾ ਹੈ। ਸੋਚੀ ਸ਼ਹਿਰ ਵਿੱਚ ਹੋਈ ਵਾਰਤਾ ਤੇ ਅਕਤੂਬਰ 'ਚ ਸਾਲਾਨਾ ਸੰਮੇਲਨ ਲਈ ਪੁਤਿਨ ਨੇ ਨਵੀਂ ਦਿੱਲੀ ਦੇ ਦੌਰੇ ਨੂੰ ਯਾਦ ਕਰਦਿਆਂ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਦੁਵੱਲੇ ਸਬੰਧਾਂ ਦੀ ਗਰਮਾਹਟ ਨੂੰ ਬਰਕਰਾਰ ਰੱਖਣ 'ਤੇ ਸਹਿਮਤੀ ਪ੍ਰਗਟਾਈ ਹੈ।

# ਪੀੜਤਾ ਵੱਲੋਂ ਰੇਪ ਦਾ ਕੇਸ ਰੱਦ ਕਰਨ ਦੀ ਮੰਗ, ਬੰਬੇ ਹਾਈ ਕੋਰਟ ਵੱਲੋਂ ਇਨਕਾਰ

ਮੁੰਬਈ, 8 ਜਨਵਰੀ (ਪੋਸਟ ਬਿਊਰੋ)- ਮੁੰਬਈ ਵਿੱਚ ਇੱਕ ਰੇਪ ਪੀੜਤਾ ਨੇ ਦੋਸ਼ੀ ਦੇ ਖਿਲਾਫ ਦਾਇਰ ਕੇਸ ਰੱਦ ਕਰਨ ਦੀ ਮੰਗ ਕੀਤੀ, ਪਰੰਤੂ ਬੰਬੇ ਹਾਈ ਕੋਰਟ ਨੇ ਇਸ ਨੂੰ ਰੱਦ ਕਰ ਦਿੱਤਾ ਹੈ।

ਜਸਟਿਸ ਬੀ ਪੀ ਧਰਮਾਧਿਕਾਰੀ ਅਤੇ ਜਸਟਿਸ ਰੇਵਤੀ ਮੋਹਿਤੇ-ਡੇਰੇ ਨੇ ਕੱਲ੍ਹ ਇਸ ਕੇਸ ਦੀ ਸੁਣਵਾਈ ਕੀਤੀ। ਮਿਲੀ ਜਾਣਕਾਰੀ ਅਨੁਸਾਰ ਮਾਮਲਾ ਪਿਛਲੇ ਸਾਲ ਜੂਨ ਦਾ ਹੈ। ਮੁੰਬਈ ਦੀ ਪੀੜਤਾ ਬਲਾਤਕਾਰ ਦੇ ਬਾਅਦ ਗਰਭਵਤੀ ਹੋ ਗਈ ਸੀ। ਉਸ ਨੇ ਜਨਮੇ ਬੱਚੇ ਨੂੰ ਇੱਕ ਅਨਾਥ ਆਸ਼ਰਮ ਨੂੰ ਦੇ ਦਿੱਤਾ ਸੀ। ਕੱਲ੍ਹ ਪੀੜਤਾ ਨੇ ਹਾਈ ਕੋਰਟ ਵਿੱਚ ਕਿਹਾ ਕਿ ਪੁਲਸ ਨੇ ਉਸ ਨੂੰ ਦੱਸਿਆ ਹੈ ਕਿ ਦੋਸ਼ੀ ਦਾ ਫੜਿਆ ਜਾਣਾ ਮੁਸ਼ਕਲ ਹੈ। ਇਸ ਲਈ ਦਰਜ ਕੀਤਾ ਕੇਸ ਰੱਦ ਕੀਤਾ ਜਾਣਾ ਚਾਹੀਦਾ ਹੈ। ਉਹ ਬੀ ਏ ਫਸਟ ਈਅਰ ਵਿੱਚ ਹੈ। ਕੇਸ ਦੇ ਜਾਰੀ ਰਹਿਣ ਨਾਲ ਉਸ ਨੂੰ ਜਾਂ ਉਸ ਦੇ ਬੱਚੇ ਨੂੰ ਕੋਈ ਸਹਾਇਤਾ ਨਹੀਂ ਮਿਲੇਗੀ। ਉਹ ਇਸ ਕੇਸ ਨੂੰ ਖਤਮ ਕਰਨਾ ਚਾਹੁੰਦੀ ਹੈ। ਕੋਰਟ ਨੇ ਦੋਸ਼ੀ ਦੇ ਨਾ ਫੜੇ ਜਾਣ 'ਤੇ ਪੁਲਸ ਨੂੰ ਫਿਟਕਾਰ ਲਗਾਉਂਦੇ ਹੋਏ ਕਿਹਾ ਕਿ ਇਹ ਬੇਹੱਦ ਅਸੰਤੋਸ਼ਜਨਕ ਸਥਿਤੀ ਹੈ।

# ਐਕਸੀਡੈਂਟਲ ਪ੍ਰਾਈਮ ਮਿਨਿਸਟਰ ਫਿਲਮ ਦੇ ਟਰੇਲਰ ਉਤੇ ਪਾਬੰਦੀ ਲਾਉਣ ਦੀ ਮੰਗ ਰੱਦ



ਨਵੀਂ ਦਿੱਲੀ, 8 ਜਨਵਰੀ (ਪੋਸਟ ਬਿਊਰੋ)- ਸਾਬਕਾ ਮੰਤਰੀ ਮਨਮੋਹਨ ਸਿੰਘ ਉੱਤੇ ਅਧਾਰਤ ਫਿਲਮ 'ਦ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਦੇ ਟਰੇਲਰ 'ਤੇ ਪਾਬੰਦੀ ਲਾਉਣ ਦੀ ਮੰਗ ਵਾਲੀ ਪਟੀਸ਼ਨ ਉੱਤੇ ਸੁਣਵਾਈ ਕਰਨ ਤੋਂ ਹਾਈ ਕੋਰਟ ਨੇ ਇਨਕਾਰ ਕਰ ਦਿੱਤਾ ਹੈ, ਇਸ ਲਈ ਇਹ ਟਰੇਲਰ ਚੱਲਦਾ ਰਹੇਗਾ।

ਜਸਟਿਸ ਵਿਭੂ ਬਾਖਰੂ ਨੇ ਕਿਹਾ ਕਿ ਉਨ੍ਹਾਂ ਨੇ ਪਟੀਸ਼ਨ 'ਚ ਉਠਾਏ ਗਏ ਵਿਵਾਦ ਦਾ ਪ੍ਰੀਖਣ ਨਹੀਂ ਕੀਤਾ। ਉਨ੍ਹਾ ਨੇ ਕਿਹਾ ਕਿ ਜਨਹਿਤ ਦਾ ਕੇਸ ਡਬਲ ਬੈਂਚ ਵਿੱਚ ਸੁਣਿਆ ਜਾਂਦਾ ਹੈ, ਸਿੰਗਲ ਬੈਂਚ 'ਚ ਨਹੀਂ। ਪਟੀਸ਼ਨਰ ਪੂਜਾ ਮਹਾਜਨ ਨੇ ਕਿਹਾ ਕਿ ਫਿਲਮ 'ਚ ਜੋ ਤੱਥ ਪੇਸ਼ ਕੀਤੇ ਗਏ ਹਨ, ਉਨ੍ਹਾਂ ਦੇ ਨਾਲ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾ ਦੋਸ਼ ਲਾਇਆ ਹੈ ਕਿ ਇਸ ਫਿਲਮ ਦੇ ਕਾਰਨ ਭਾਰਤ ਦੇ ਹੋਰ ਦੇਸ਼ਾਂ ਨਾਲ ਸਬੰਧ ਵੀ ਖਰਾਬ ਹੋ ਸਕਦੇ ਹਨ। ਵਰਨਣ ਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਰਹਿ ਚੁੱਕੇ ਸੰਜੇ ਬਾਰੂ ਦੀ ਕਿਤਾਬ ਉੱਤੇ ਅਧਾਰਤ ਇਹ ਫਿਲਮ 11 ਜਨਵਰੀ ਨੂੰ ਰਿਲੀਜ਼ ਹੋਣੀ ਹੈ, ਜਿਸ ਵਿੱਚ ਅਨੁਪਮ ਖੇਰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਭੂਮਿਕਾ ਵਿੱਚ ਨਜ਼ਰ ਆ ਰਹੇ ਹਨ। ਟਰੇਲਰ ਰਿਲੀਜ਼ ਹੁੰਦੇ ਸਾਰ ਫਿਲਮ ਸਿਆਸੀ ਵਿਵਾਦਾਂ ਵਿੱਚ ਘਿਰ ਚੁੱਕੀ ਹੈ।

# ਅਧਿਕਾਰੀ ਦੇ ਸਤਾਏ ਫਾਰੈਸਟ ਗਾਰਡ ਨੇ ਖੁਦਕੁਸ਼ੀ ਕਰ ਲਈ

ਗੋਹਾਨਾ, 8 ਜਨਵਰੀ (ਪੋਸਟ ਬਿਊਰੋ)- ਜੰਗਲਾਤ ਵਿਭਾਗ ਵਿੱਚ ਫਾਰੈਸਟ ਗਾਰਡ ਅਮਿਤ ਕੁਮਾਰ (24) ਨੇ ਬੀਤੇ ਦਿਨ ਦਫਤਰ ਵਿਚ ਫਾਹਾ ਲਾ ਕੇ ਖੁਦਕੁਸ਼ੀ ਕਰ ਲਈ। ਕਰਮਚਾਰੀ ਜਦ ਕਮਰੇ ਵਿੱਚ ਜਾਣ ਲੱਗੇ ਤਾਂ ਦਰਵਾਜ਼ਾ ਅੰਦਰੋਂ ਬੰਦ ਸੀ। ਖਿੜਕੀ 'ਚੋਂ ਦੇਖਣ 'ਤੇ ਉਸ ਦੀ ਲਾਸ਼ ਲਟਕਦੀ ਦਿਖਾਈ ਦਿੱਤੀ। ਮ੍ਰਿਤਕ ਦੀ ਪਤਨੀ ਸ਼ੀਤਲ ਨੇ ਰੇਂਜ ਅਫਸਰ 'ਤੇ ਉਸ ਦੇ ਪਤੀ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ।

ਗੋਹਾਨਾ ਕੋਰਟ ਕੰਪਲੈਕਸ ਪੁਲਸ ਚੌਕੀ ਦੇ ਮੁਖੀ ਰਣਬੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਸ਼ੀਤਲ ਦੀ ਸ਼ਿਕਾਇਤ ਉੱਤੇ ਰੇਂਜ ਅਫਸਰ ਮਨੋਜ ਕੁਮਾਰ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਘਿਲੌੜ ਕਲਾਂ ਦਾ ਅਮਿਤ ਕੁਮਾਰ ਸਾਲ 2014 ਵਿੱਚ ਜੰਗਲਾਤ ਵਿਭਾਗ ਵਿੱਚ ਫਾਰੈਸਟ ਗਾਰਡ ਭਰਤੀ



ਹੋਇਆ ਸੀ। ਉਸ ਦੀ ਡਿਊਟੀ ਕਥੂਰਾ ਬਲਾਕ ਵਿੱਚ ਸੀ। ਕੱਲ੍ਹ ਸਵੇਰੇ ਉਹ ਦਫਤਰ ਪਹੁੰਚਿਆ ਅਤੇ ਇੱਕ ਕਮਰੇ ਵਿੱਚ ਪੱਖੇ ਦੀ ਹੁੱਕ ਨੂੰ ਰੱਸੀ ਪਾ ਕੇ ਫਾਹਾ ਲਾ ਲਿਆ। ਮ੍ਰਿਤਕ ਦੀ ਪਤਨੀ ਸ਼ੀਤਲ ਦਾ ਦੋਸ਼ ਹੈ ਕਿ ਰੇਂਜ ਅਧਿਕਾਰੀ ਉਸ ਨੂੰ ਨਾਜਾਇਜ਼ ਤੰਗ ਕਰਦਾ ਸੀ। ਅਮਿਤ ਨੇ ਇਸ ਬਾਰੇ ਵਿੱਚ ਘਰ 'ਤੇ ਵੀ ਕਈ ਵਾਰ ਦੱਸਿਆ ਸੀ। ਜ਼ੁਲਮ ਦੇ ਕਾਰਨ ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਪਿਛਲੇ ਕਈ ਦਿਨਾਂ ਤੋਂ ਉਹ ਕਾਫੀ ਦੁਖੀ ਸੀ। ਅਧਿਕਾਰੀ ਦੇ ਜ਼ੁਲਮ ਦੇ ਕਾਰਨ ਹੀ ਉਸ ਦੇ ਪਤੀ ਨੇ ਖੁਦਕੁਸ਼ੀ ਕੀਤੀ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

Insurance
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca



UPPAL LAW
FREE CONSULTATION !
Avtar Uppal
Manager
Aman Uppal
BARRISTER, SOLICITOR



IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

# ਅਮਰੀਕਾ ’ਚ ਸਭ ਤੋਂ ਵੱਧ ਪੜ੍ਹਿਆ ਹਿੰਦੂ ਭਾਈਚਾਰਾ ਨਿਕਲਿਆ



ਵਾਸ਼ਿੰਗਟਨ, 8 ਜਨਵਰੀ (ਪੋਸਟ ਬਿਊਰੋ)- ਭਾਰਤੀ-ਅਮਰੀਕੀ ਭਾਈਚਾਰੇ ਨੇ ਅਮਰੀਕਾ ਦੇ ਸਭ ਤੋਂ ਵੱਧ ਅਮੀਰ ਅਤੇ ਸਭ ਤੋਂ ਵੱਧ ਸਿੱਖਿਅਤ ਲੋਕਾਂ ਵਜੋਂ ਆਪਣੀ ਪਛਾਣ ਬਣਾ ਲਈ ਹੈ। ਇਕ ਨਵੇਂ ਅਧਿਐਨ ਮੁਤਾਬਕ ਅਮਰੀਕੀ ਧਾਰਮਿਕ ਗਰੁੱਪਾਂ ਵਿਚ ਹਿੰਦੂ ਭਾਈਚਾਰਾ ਕਾਲਜ ਡਿਗਰੀਆਂ ਲੈਣ ਦੇ ਆਧਾਰ ਉੱਤੇ ਸਭ ਤੋਂ ਵੱਧ ਸਿੱਖਿਅਤ ਹੈ। ਇਸ ਭਾਈਚਾਰੇ ਦੇ ਬਾਅਦ ਯੂਨੀਟੇਰੀਅਨ ਯੂਨੀਵਰਸਲਿਸਟ, ਯਹੂਦੀ, ਐਂਗਲੀਕਨ ਅਤੇ ਈਪਿਸਕੋਪਲ ਆਏ ਹਨ।

ਸਰਵੇਖਣ ਕਰਨ ਲਈ ਟੀਮ ਨੇ 4 ਸਾਲਾ ਕਾਲਜ ਡਿਗਰੀ ਦੀ ਮਾਰਕਰ ਵਜੋਂ ਵਰਤੋਂ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨੂੰ ਆਮ ਤੌਰ ਉੱਤੇ ਆਰਥਿਕ ਸਫਲਤਾ ਲਈ ਮਹੱਤਵ ਪੂਰਨ ਮੰਨਿਆ ਜਾਂਦਾ ਹੈ। ਕਾਲਜ ਡਿਗਰੀ ਲੈਣ ਵਾਲੇ ਲੋਕਾਂ ਵਿਚ ਸਭ ਤੋਂ ਵੱਧ ਗਿਣਤੀ77 ਫੀਸਦੀ ਹਿੰਦੂਆਂ ਦੀ ਹੈ। ਯੂਨੀਟੇਰੀਅਨ 67 ਫੀਸਦੀ ਨਾਲ ਦੂਜੇ ਸਥਾਨ ’ਤੇ ਹਨ। ਇਹ ਭਾਈਚਾਰਾ ਭਗਵਾਨ ਦੀ ਬ੍ਰਹਮਤਾ ਦੀ ਬਜਾਏ ਨੈਤਿਕ ਅਧਿਕਾਰਾਂ ਵਿਚ ਯਕੀਨ ਰੱਖਦਾ ਹੈ। ਯਹੂਦੀ ਤੇ ਐਂਗਲੀਕਨ 59 ਫੀਸਦੀ ਨਾਲ ਤੀਜੇ ਨੰਬਰ ’ਤੇ ਹਨ ਅਤੇ ਐਪਿਸਕੋਪਲ ਚਰਚ 56 ਫੀਸਦੀ ਨਾਲ ਸਿਖਰਲੇ ਪੰਜਾਂ ਵਿਚ ਸ਼ਾਮਲ ਹੈ। ਨਾਸਤਿਕ (ਈਸ਼ਵਰ ਦੀ ਹੋਂਦ ਨਾ ਮੰਨਣ ਵਾਲਾ ਭਾਈਚਾਰਾ) 43 ਫੀਸਦੀ ਅਤੇ ਸ਼ੰਕਾਵਾਦੀ (ਈਸ਼ਵਰ ਦੀ ਹੋਂਦ ਨੂੰ ਸ਼ੱਕੀ ਮੰਨਣ ਵਾਲਾ ਭਾਈਚਾਰਾ 42 ਫੀਸਦੀ ਹੈ। ਡਿਗਰੀ ਵਾਲੇ ਲੋਕਾਂ ਵਿਚ ਮੁਸਲਿਮ ਲੋਕਾਂ ਦਾ ਅੰਕੜਾ 39 ਫੀਸਦੀ ਅਤੇ ਕੈਥੋਲਿਕਾਂ ਦਾ 26 ਫੀਸਦੀ ਹੈ। ਧਰਮ ਆਧਾਰ ਉੱਤੇ ਅਮਰੀਕਾ ਦੀ ਆਬਾਦੀ ਦੀ ਗਣਨਾ ਨਹੀਂ ਕੀਤੀ ਗਈ, ਪਰ ਇਕ ਅਨੁਮਾਨਿਤ ਅੰਕੜੇ ਮੁਤਾਬਕ ਇੱਥੇ ਕੁੱਲ 32.5 ਕਰੋੜ ਜਨਸੰਖਿਆ ਵਿਚੋਂ 0.7 ਫੀਸਦੀ ਹਿੰਦੂ ਹਨ। ਇਹ ਗੱਲ ਪੀ ਯੂ ਰਿਸਰਚ ਸੈਂਟਰ ਦੇ ਸਾਲ 2014 ਦੇ ਅਧਿਐਨ ਵਿਚ ਕਹੀ ਗਈ ਹੈ। ਹੋਰ ਅਨੁਮਾਨਾਂ ਮੁਤਾਬਕ ਇਹ ਗਿਣਤੀ 20 ਤੋਂ 30 ਲੱਖ ਹੋ ਸਕਦੀ ਹੈ। ਅਮਰੀਕਾ ਵਿਚ ਰਹਿੰਦੀ ਆਬਾਦੀ ਵਿਚ ਵੱਧ ਗਿਣਤੀ ਵਿਚ ਹਿੰਦੂ ਭਾਰਤੀ ਮੂਲ ਦੇ ਹਨ। ਇਹ ਭਾਰਤ ਤੋਂ ਜਾਂ ਫਿਰ ਅਫਰੀਕਾ ਅਤੇ ਕੈਰੇਬੀਅਨ ਤੋਂ ਆਏ ਪ੍ਰਵਾਸੀ ਹਨ।

ਇਸ ਅਧਿਐਨ ਵਿਚ ਕਿਹਾ ਗਿਆ ਹੈ ਕਿ ਵੱਧ ਸਿੱਖਿਅਤ ਹੋਣ ਕਾਰਨ ਹਿੰਦੂ ਤੇ ਯਹੂਦੀ ਦੇਸ਼ ਵਿਚ ਅਮੀਰ ਹਨ। ਇਸ ਸੰਗਠਨ ਨੇ ਆਰਥਿਕ ਸਫਲਤਾ ਤੇ ਸਿੱਖਿਆ ਦੇ ਸਬੰਧ ਬਾਰੇ ਵੀ ਦੱਸਿਆ ਹੈ। ਸਾਲ 2014 ਦੇ ਅਧਿਐਨ ਮੁਤਾਬਕ ਯਹੂਦੀ ਅਤੇ ਹਿੰਦੂਆਂ ਦੀ ਸਾਲਾਨਾ ਆਮਦਨ ਵੱਧ ਹੈ।

# ਯੂ ਕੇ ਦੀ ਅਦਾਲਤ ਵੱਲੋਂ ਫਿਕਸਿੰਗ ਸੱਟੇਬਾਜ਼ ਸੰਜੀਵ ਚਾਵਲਾ ਨੂੰ ਭਾਰਤ ਨੂੰ ਸੌਂਪਣ ਦੇ ਹੁਕਮ

ਲੰਡਨ, 8 ਜਨਵਰੀ (ਪੋਸਟ ਬਿਊਰੋ)- ਭਾਰਤ ਦੇ ਸ਼ੱਕੀ ਕ੍ਰਿਕਟ ਸੱਟੇਬਾਜ਼ ਸੰਜੀਵ ਚਾਵਲਾ ਦੀ ਭਾਰਤ ਹਵਾਲਗੀ ਦਾ ਰਾਹ ਪੱਧਰਾ ਹੋ ਗਿਆ ਹੈ। ਮਨੁੱਖੀ ਅਧਿਕਾਰਾਂ ਹੇਠ ਚੱਲ ਰਹੇ ਕੇਸ 'ਚ ਬ੍ਰਿਟੇਨ ਦੀ ਅਦਾਲਤ ਨੇ ਭਾਰਤ ਵੱਲੋਂ ਤਿਹਾੜ ਜੇਲ੍ਹ 'ਚ ਮਨੁੱਖੀ ਅਧਿਕਾਰਾਂ ਨੂੰ ਕੋਈ ਖਤਰਾ ਨਾ ਹੋਣ ਸਬੂਤ ਪੇਸ਼ ਕਰਨ ਤੋਂ ਬਾਅਦ ਇਹ ਹੁਕਮ ਦਿੱਤਾ ਹੈ।



ਸੰਜੀਵ ਚਾਵਲਾ ਭਾਰਤੀ ਕ੍ਰਿਕਟ ਟੀਮ ਦੇ 2000 'ਚ ਦੱਖਣੀ ਅਫਰੀਕਾ ਦੌਰੇ ਦੌਰਾਨ ਮੈਚ ਫਿਕਸ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਵੈਸਟ ਮਨਿਸਟਰ ਮੈਜਿਸਟਰੇਟ ਨੇ ਅਕਤੂਬਰ 2017 ਵਿੱਚ ਤਿਹਾੜ ਜੇਲ੍ਹ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਸ਼ਰਤਾਂ ਹੇਠ ਉਸ ਦੀ ਭਾਰਤ ਹਵਾਲਗੀ 'ਤੇ ਰੋਕ ਲਗਾ ਦਿੱਤੀ ਸੀ। ਬਾਅਦ 'ਚ ਭਾਰਤ ਨੇ ਸੰਜੀਵ ਚਾਵਲਾ ਦੇ ਕੇਸ ਵਿੱਚ ਯੂ ਕੇ ਹਾਈ ਕੋਰਟ 'ਚ ਜੇਲ੍ਹ ਸਹੂਲਤਾਂ ਬਾਰੇ ਸਬੂਤ ਪੇਸ਼ ਕੀਤੇ। ਚਾਵਲਾ 1996 ਵਿੱਚ ਯੂ ਕੇ ਗਿਆ ਅਤੇ ਉਸ ਨੂੰ ਜੂਨ 2016 ਵਿੱਚ ਲੰਡਨ 'ਚ ਗ੍ਰਿਫਤਾਰ ਕੀਤਾ ਗਿਆ। ਅਦਾਲਤ ਨੇ ਸੰਜੀਵ ਚਾਵਲਾ ਨੂੰ ਭਾਰਤ ਹਵਾਲੇ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ ਅਤੇ ਇਹ ਮਾਮਲਾ ਦੇਸ਼ ਦੇ ਗ੍ਰਹਿ ਮੰਤਰੀ ਸਾਜਿਦ ਜਾਵਿਦ ਕੋਲ ਚਲਾ ਗਿਆ ਹੈ, ਜਿਸ ਦੇ ਹੁਕਮਾਂ ਪਿੱਛੋਂ ਚਾਵਲਾ ਨੂੰ ਭਾਰਤ ਨੂੰ ਸੌਂਪਿਆ ਜਾਵੇਗਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਦਿੱਲੀ ਦਾ ਜੰਮਪਲ ਸੰਜੀਵ ਚਾਵਾਲਾ 1996 'ਚ ਕਾਰੋਬਾਰੀ ਵੀਜ਼ਾ ਲੈ ਕੇ ਏਥੇ ਆਇਆ ਸੀ। 2000 'ਚ ਉਸ ਦਾ ਭਾਰਤੀ ਪਾਸ-ਪੋਰਟ ਰੱਦ ਕਰ ਦਿੱਤਾ ਗਿਆ ਤੇ ਉਸ ਨੇ 2005 'ਚ ਯੂ ਕੇ ਪਾਸ-ਪੋਰਟ ਲੈ ਲਿਆ ਸੀ ਅਤੇ ਅੱਜ ਕੱਲ੍ਹ ਬ੍ਰਿਟਿਸ਼ ਨਾਗਰਿਕ ਹੈ।

# ਟਰੰਪ ਵੱਲੋਂ ਮੈਕਸਿਕੋ ਸਰਹੱਦ ਉੱਤੇ ਸਟੀਲ ਬੈਰੀਅਰ ਦੀ ਪੇਸ਼ਕਸ਼

ਵਾਸ਼ਿੰਗਟਨ, 8 ਜਨਵਰੀ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਨਿਆ ਹੈ ਕਿ ‘ਸ਼ੱਟਡਾਊਨ' ਬਾਰੇ ਉਪ ਰਾਸ਼ਟਰਪਤੀ ਵੱਲੋਂ ਡੈਮੋਕਰੈਟਾਂ ਦੇ ਨਾਲ ਕੀਤੀ ਗੱਲਬਾਤ ਸਿਰੇ ਨਹੀਂ ਲੱਗ ਸਕੀ। ਉਨ੍ਹਾਂ ਕਿਹਾ ਕਿ ਡੈਮੋਕਰੈਟ ਟਰੰਪ ਤੇ ਰਿਪਬਲਿਕਨਾਂ ਉਤੇ ਦਬਾਅ ਵਧਾਉਣ ਦੇ ਰੌਂਅ ਵਿੱਚ ਹਨ।

ਸਟਾਫ ਮੀਟਿੰਗ ਲਈ ਕੈਂਪ ਡੇਵਿਡ ਜਾਣ ਤੋਂ ਪਹਿਲਾਂ ਟਰੰਪ ਨੇ ਅਮਰੀਕਾ ਮੈਕਸਿਕੋ ਸਰਹੱਦ 'ਤੇ ਸੁਰੱਖਿਆ ਕੰਧ ਉਸਾਰਨ ਬਾਰੇ ਅਪਣਾਏ ਰਵੱਈਏ 'ਚ ਕਿਸੇ ਢਿੱਲ ਦਾ ਸੰਕੇਤ ਨਹੀਂ ਦਿੱਤਾ। ਟਰੰਪ ਨੇ ਕਿਹਾ ਹੈ ਕਿ ਸਰਹੱਦ 'ਤੇ ਕੰਕ੍ਰੀਟ ਕੰਧ ਦੀ ਜਗ੍ਹਾ ਸਟੀਲ ਬੈਰੀਅਰ ਲਾਇਆ ਜਾ ਸਕਦਾ ਹੈ। ਇਸ ਨੂੰ ਡੈਮੋਕਰੈਟ ਮੈਂਬਰਾਂ ਨੂੰ ਮਨਾਉਣ ਦੀ ਕੋਸ਼ਿਸ਼ ਵਜੋਂ ਵੀ ਲਿਆ ਜਾ ਰਿਹਾ ਹੈ, ਕਿਉਂਕਿ ਉਹ ਸਰਹੱਦੀ ਸੁਰੱਖਿਆ ਉੱਤੇ ਪੰਜ ਬਿਲੀਅਨ ਡਾਲਰ ਦੀ ਥਾਂ ਸਿਰਫ 1.3 ਬਿਲੀਅਨ ਡਾਲਰ ਹੀ ਖਰਚਣ ਦੇ ਚਾਹਵਾਨ ਹਨ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਕੇਵਲ ਉਹੋ ਹੀ ਡੈਮੋਕਰੈਟ ਮੈਂਬਰਾਂ ਨਾਲ ਨਜਿੱਠ ਸਕਦੇ ਹਨ ਤੇ ਜੇ ਉਹ ਚਾਹੁਣ ਤਾਂ 20 ਮਿੰਟਾਂ ਵਿੱਚ ਸਮਝੌਤਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇ ਡੈਮੋਕਰੈਟ ਮੌਜੂਦਾ ਰੁਖ ਕਾਇਮ ਰੱਖਣਗੇ ਤਾਂ ‘ਸ਼ੱਟਡਾਊਨ' ਲੰਮਾ ਸਮਾਂ ਚੱਲ ਸਕਦਾ ਹੈ।

# ਬ੍ਰੈਨ ਡੈਡ ਮਰੀਜ਼ ਨੂੰ ਹੋਸ਼ ਆਉਣ ਦੇ ਨਾਲ ਡਾਕਟਰ ਵੀ ਹੈਰਾਨ

ਵਾਸ਼ਿੰਗਟਨ, 8 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਨੇਬਾਰਸਕਾ ਦੇ ਵਸਨੀਕ 61 ਟੀ ਸਕੌਟ ਮਾਰ ਇਕ ਮਹੀਨੇ ਪਹਿਲਾਂ 12 ਦਸੰਬਰ ਨੂੰ ਆਏ ਸਟਰੋਕ ਨਾਲ ਬੇਹੋਸ਼ ਹੋ ਗਏ ਸਨ। ਹਸਪਤਾਲ ਵਿਚ ਜਦੋਂ ਡਾਕਟਰਾਂ ਨੂੰ ਕਈ ਦਿਨ ਤੱਕ ਸਕੌਟ ਦੇ ਦਿਮਾਗ ਵਿਚ ਕੋਈ ਪ੍ਰਤੀਕਿਰਿਆ ਹੁੰਦੀ ਨਜ਼ਰ ਨਾ ਆਈ ਤਾਂ ਉਨ੍ਹਾਂ ਨੂੰ ‘ਬ੍ਰੈਨ ਡੈੱਡ’ ਐਲਾਨ ਕਰ ਦਿੱਤਾ ਗਿਆ। ਪਰਿਵਾਰ ਨੇ ਸਕੌਟ ਦੇ ਹੋਸ਼ ਵਿਚ ਆਉਣ ਦੀ ਆਸ ਛੱਡ ਦਿੱਤੀ ਤੇ ਲਾਈਫ ਸਪੋਰਟ ਸਿਸਟਮ ਬੰਦ ਕਰ ਦਿੱਤਾ ਗਿਆ। ਅਗਲੇ ਦਿਨ ਸਕੌਟ ਹੋਸ਼ ਵਿਚ ਆ ਗਏ। ਡਾਕਟਰ ਇਸ ਘਟਨਾ ਤੋਂ ਹੈਰਾਨ ਹੋ ਰਹੇ ਹਨ।

ਜਦੋਂ ਡਾਕਟਰਾਂ ਨੇ ਸਕੌਟ ਦੇ ਹੋਸ਼ ਵਿਚ ਨਾ ਆਉਣ ਦਾ ਐਲਾਨ ਕੀਤਾ ਤਾਂ ਉਨ੍ਹਾਂ ਦੇ ਪਰਿਵਾਰ ਨੇ ਵੀ ਉਸ ਦੇ ਠੀਕ ਹੋਣ ਦੀ ਆਸ ਛੱਡ ਦਿੱਤੀ। ਸਕੌਟ ਦੀ ਬੇਟੀ ਪ੍ਰੇਸਟਨ ਮੁਤਾਬਕ, ‘ਸਾਨੂੰ ਲੱਗਾ ਕਿ ਪਿਤਾ ਜੀ ਕਦੇ ਹੋਸ਼ ਵਿਚ ਨਹੀਂ ਆਉਣ ਲੱਗੇ। ਉਹ ਹਮੇਸ਼ਾ ਕਹਿੰਦੇ ਸਨ ਕਿ ਮੈਂ ਨਹੀਂ ਚਾਹੁੰਦਾ ਕਿ ਬੱਚੇ ਮੈਨੂੰ ਹਸਪਤਾਲ ਦੇ ਬਿਸਤਰ ਉੱਤੇ ਦੇਖਣ। ਇਸ ਪਿੱਛੋਂ ਉਨ੍ਹਾਂ ਦਾ ਲਾਈਫ ਸਪੋਰਟ ਸਿਸਟਮ ਬੰਦ ਕਰ ਦਿੱਤਾ ਗਿਆ ਤੇ ਅਸੀਂ ਉਨ੍ਹਾਂ ਦੇ ਅੰਤਮ ਸਸਕਾਰ ਦੀ ਤਿਆਰੀ ਸ਼ੁਰੂ ਕਰ ਦਿੱਤੀ।’ ਲਾਈਫ ਸਪੋਰਟਸ ਸਿਸਟਮ ਬੰਦ ਹੋਣ ਦੇ ਬਾਅਦ ਵੀ ਸਕੌਟ ਦੇ ਸਾਹ ਚੱਲਦੇ ਰਹੇ। ਪ੍ਰੇਸਟਨ ਦੇ ਮੁਤਾਬਕ ਜਦੋਂ ਅਗਲੇ ਦਿਨ ਸਵੇਰੇ ਮੈਂ ਹਸਪਤਾਲ ਵਿਚ ਪਿਤਾ ਜੀ ਨੂੰ ਸਾਹ ਲੈਂਦੇ ਦੇਖਿਆ ਤਾਂ ਉਨ੍ਹਾਂ ਨੂੰ ਆਪਣਾ ਅੰਗੂਠਾ ਹਿਲਾਉਣ ਲਈ ਕਿਹਾ। ਉਨ੍ਹਾਂ ਨੇ ਪ੍ਰਤੀਕਿਰਿਆ ਵਿਚ ਹੌਲੀ-ਹੌਲੀ ਅੰਗੂਠਾ ਹਿਲਾਇਆ। ਮੈਂ ਇਸ ਮਗਰੋਂ ਪ੍ਰੇਸਟਨ ਨੇ ਡਾਕਟਰਾਂ ਨੂੰ ਬੁਲਾ ਕੇ ਪਿਤਾ ਦੀ ਜਾਂਚ ਕਰਵਾਈ। ਸਕੌਟ ਦਾ ਇਲਾਜ ਕਰਨ ਵਾਲੇ ਡਾਕਟਰਾਂ ਦੀ ਟੀਮ ਵਿਚੋਂ ਡਾਕਟਰ ਰੇਬੇਕਾਰ ਰੰਜ ਮੁਤਾਬਕ ਸਾਨੂੰ ਪਹਿਲਾਂ ਲੱਗਾ ਕਿ ਸਕੌਟ ਜਿਸ ਬੀਮਾਰੀ ਤੋਂ ਪੀੜਤ ਹਨ, ਉਹ ਠੀਕ ਨਹੀਂ ਹੋ ਸਕਦੀ। ਇਸ ਲਈ ਅਸੀਂ ਉਨ੍ਹਾਂ ਦਾ ਬ੍ਰੈਨ ਡੈੱਡ ਹੋਣ ਦਾ ਐਲਾਨ ਕਰ ਦਿੱਤਾ। ਜਦੋਂ ਸਾਨੂੰ ਪਤਾ ਲੱਗਾ ਕਿ ਲਾਈਫ ਸਪੋਰਟਸ ਸਿਸਟਮ ਬੰਦ ਹੋਣ ਪਿੱਛੋਂ ਸਕੌਟ ਪ੍ਰਤੀਕਿਰਿਆ ਦੇ ਰਹੇ ਹਨ ਤਾਂ ਅਸੀਂ ਉਨ੍ਹਾਂ ਦੇ ਕੁਝ ਹੋਰ ਟੈਸਟ ਕੀਤੇ। ਇਸ ਵਿਚ ਸਾਹਮਣੇ ਆਇਆ ਕਿ ਉਨ੍ਹਾਂ ਨੂੰ ਹਾਈ ਬਲੱਡ ਪ੍ਰੈਸ਼ਰ ਦਾ ਸਟਰੋਕ ਆਇਆ ਸੀ, ਮਤਲਬ ਉਨ੍ਹਾਂ ਦੀ ਬੀਮਾਰੀ ਠੀਕ ਹੋ ਸਕਦੀ ਸੀ।

# ਮਾਲਟਾ ਤੱਟ ਉੱਤੇ ਫਸੇ ਸ਼ਰਣਾਰਥੀਆਂ ਨੇ ਭੋਜਨ ਖਾਣ ਤੋਂ ਵੀ ਨਾਂਹ ਕਰ ਦਿੱਤੀ



ਰੋਮ, 8 ਜਨਵਰੀ (ਪੋਸਟ ਬਿਊਰੋ)- ਮਾਲਟਾ ਦੇ ਤੱਟ ਉੱਤੇ ਫਸੇ ਹੋਏ 49 ਸ਼ਰਣਾਰਥੀਆਂ ਵਿੱਚੋਂ ਕੁਝ ਸ਼ਰਣਾਰਥੀ ਭੋਜਨ ਕਰਨ ਤੋਂ ਨਾਂਹ ਕਰ ਰਹੇ ਹਨ। ਉਨ੍ਹਾਂ ਦੇ ਬਚਾਅ ਲਈ ਕਿਸ਼ਤੀਆਂ ਚਲਾ ਰਹੇ ਗਰੁੱਪਾਂ ਵਿੱਚੋਂ ‘ਸੀ-ਵਾਚ ਇੰਟਰਨੈਸ਼ਨਲਜ਼’ ਨੇ ਕੱਲ੍ਹ ਇਸ ਦੀ ਜਾਣਕਾਰੀ ਦਿੱਤੀ ਅਤੇ ਟਵੀਟ ਕੀਤਾ, ‘ ਸਾਨੂੰ ਇਹ ਖਬਰਾਂ ਮਿਲ ਰਹੀਆਂ ਹਨ ਕਿ ਕੁਝ ਲੋਕ ਭੋਜਨ ਤੋਂ ਇਨਕਾਰ ਕਰ ਰਹੇ ਹਨ। ਸਾਨੂੰ ਡਰ ਹੈ ਕਿ ਉਨ੍ਹਾਂ ਦੀ ਮਾਨਸਿਕ ਅਤੇ ਸਰੀਰਕ ਸਿਹਤ ਵਿਗੜ ਸਕਦੀ ਹੈ।’

ਉੱਤਰੀ ਅਫਰੀਕਾ ਤੋਂ ਯੂਰਪ ਜਾਣ ਲਈ ਖਤਰਨਾਕ ਭੂ-ਮੱਧ ਸਾਗਰ ਪਾਰ ਕਰਨ ਦੀ ਕੋਸ਼ਿਸ਼ ਦੌਰਾਨ ਬਚਾਏ ਗਏ ਇਹ ਸ਼ਰਣਾਰਥੀ 22 ਦਸੰਬਰ ਤੋਂ ਸੀ-ਵਾਚ ਅਤੇ ਸੀ-ਆਈ ਦੀਆਂ ਕਿਸ਼ਤੀਆਂ ’ਚ ਸਵਾਰ ਹਨ, ਕਿਉਂਕਿ ਕਿਸੇ ਦੇਸ਼ ਨੇ ਉਨ੍ਹਾਂ ਨੂੰ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ। ਇਨ੍ਹਾਂ ਵਿੱਚ ਬੱਚੇ ਵੀ ਹਨ। ਸੀ ਵਾਚ ਦੀ ਮਹਿਲਾ ਬੁਲਾਰਾ ਨੇ ਦੱਸਿਆ ਕਿ ਇਕ ਛੋਟੇ ਕਮਰੇ ਵਿੱਚ ਭਰੇ ਹੋਏ ਸ਼ਰਣਾਰਥੀਆਂ ਵਿੱਚੋਂ ਕਈ ਇਕ-ਦੂਜੇ ਉੱਤੇ ਉਲਟੀਆਂ ਕਰ ਰਹੇ ਸਨ। ਫਰਾਂਸ, ਜਰਮਨੀ, ਲਗਜ਼ਮਬਰਗ, ਮਾਲਟਾ, ਨੀਦਰਲੈਂਡ ਅਤੇ ਪੁਤਰਗਾਲ ਕੁਝ ਸ਼ਰਣਾਰਥੀਆਂ ਨੂੰ ਲੈਣ ਲਈ ਮੰਨ ਰਹੇ ਹਨ।

# ਸੜਕ ਹਾਦਸੇ ਵਿੱਚ ਪੰਜਾਬੀ ਟਰੱਕ ਡਰਾਈਵਰ ਦੀ ਮੌਤ

ਨਿਊਯਾਰਕ, 8 ਜਨਵਰੀ (ਪੋਸਟ ਬਿਊਰੋ)- ਕੈਲੀਫੋਰਨੀਆ ਸੂਬੇ ਦੇ ਫਰਿਜ਼ਨੋ ਨੇੜਲੇ ਸ਼ਹਿਰ ਮਡੇਰੇ ਵਿੱਚ ਰਹਿਣ ਵਾਲੇ ਪੰਜਾਬੀ ਮੂਲ ਦੇ ਟਰੱਕ ਡਰਾਈਵਰ ਦਰਸ਼ਨ ਸਿੰਘ ਦੀ ਸੜਕ ਹਾਦਸੇ ’ਚ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਦਰਸ਼ਨ ਸਿੰਘ ਪਿਛਲੇ ਲੰਮੇ ਸਮੇਂ ਤੋਂ ਅਮਰੀਕਾ ’ਚ ਟਰੱਕ ਚਲਾ ਰਹੇ ਸਨ ਅਤੇ ਕੱਲ੍ਹ ਨਿਊਯਾਰਕ ਤੋਂ ਵਾਪਸੀ ਸਮੇਂ ਸੜਕ ਦੁਰਘਟਨਾ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਦਰਸ਼ਨ ਸਿੰਘ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ। ਉਹ ਆਪਣੇ ਪਿੱਛੇ ਧੀ-ਪੁੱਤ ਅਤੇ ਪਤਨੀ ਨੂੰ ਛੱਡ ਗਏ ਹਨ। ਉਨ੍ਹਾਂ ਦੀ ਅਚਾਨਕ ਮੌਤ ਦੇ ਕਾਰਨ ਫਰਿਜ਼ਨੋ ਕੈਲੀਫੋਰਨੀਆ ਦੇ ਏਰੀਏ ਦਾ ਪੂਰਾ ਪੰਜਾਬੀ ਭਾਈਚਾਰਾ ਸੋਗ ਵਿੱਚ ਹੈ। ਦਰਸ਼ਨ ਸਿੰਘ ਓਟਾਵਾ ਨੇੜੇ ਫਰੀਵੇਅ 35 ਉੱਤੇ ਸ਼ਨੀਵਾਰ ਸਵੇਰੇ ਤਕਰੀਬਨ 5 ਵਜੇ ਸਫਰ ਕਰ ਰਿਹਾ ਸੀ, ਜਦੋਂ ਇਹ ਹਾਦਸਾ ਵਾਪਰਿਆ।

# ..ਅਤੇ ਸੱਤ ਸਾਲ ਬਾਅਦ ਟਰਾਂਸਜੈਂਡਰ ਪੁਰਸ਼ ਪ੍ਰੈਗਨੈਂਟ ਹੋ ਗਿਆ

ਟੈਕਸਾਸ, 8 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਟੈਕਸਾਸ ਦਾ ਵਾਸੀ ਇਕ ਟਰਾਂਸਜੈਂਡਰ ਪੁਰਸ਼ ਟੈਸਟੋਸਟਰੋਨ ਲੈਣ ਦੇ ਬਾਅਦ ਸੱਤ ਸਾਲ ਬਾਅਦ ਅਚਾਨਕ ਪ੍ਰੈਗਨੈਂਟ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਏ ਵਿਲੀ ਸਿਮਪਸਨ ਨਾਮ ਦੇ ਇਸ ਸ਼ਖਸ ਨੂੰ ਲੱਗਦਾ ਸੀ ਕਿ ਉਹ ਪ੍ਰੈਗਨੈਂਟ ਨਹੀਂ ਹੋ ਸਕਦਾ। ਬੱਚੇ ਨੂੰ ਜਨਮ ਦੇਣ ਬਾਰੇ ਉਸ ਦੇ ਮਨ ਵਿੱਚ ਕਈ ਪ੍ਰਕਾਰ ਦੇ ਡਰ ਹਨ ਅਤੇ ਟਰਾਂਸਜੈਂਡਰ ਕਪਲ ਨੇ ਬੱਚੇ ਨੂੰ ਅਡਾਪੱਸ਼ਨ ਲਈ ਦੇਣ ਉਤੇ ਵੀ ਵਿਚਾਰ ਕੀਤਾ ਸੀ, ਪਰ ਇਸ ਦੇ ਬਾਅਦ ਵਿਲੀ ਤੇ ਉਨ੍ਹਾਂ ਦੇ ਬੁਆਏਫ੍ਰੈਂਡ ਸਟੀਫਨ ਗੈਥ ਨੇ ਆਪਣੀ ਪੂਰੀ ਕਹਾਣੀ ਸ਼ੇਅਰ ਕਰਨ ਦਾ ਫੈਸਲਾ ਕੀਤਾ ਹੈ। ਟਰਾਂਸਜੈਂਡਰ ਵਿਲੀ ਮਹਿਲਾ ਤੋਂ ਪੁਰਸ਼ ਵਿੱਚ ਟਰਾਂਸਫਾਰਮ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਦੌਰਾਨ ਉਹ ਪ੍ਰੈਗਨੈਂਟ ਹੋ ਗਏ। ਵਿਲੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਬਰਾਬਰ ਦਾ ਸਨਮਾਨ ਮਿਲੇ।

# ਅਮਰੀਕੀ ਗ੍ਰੀਨ ਕਾਰਡ ਉਡੀਕ ਰਹੇ ਭਾਰਤੀਆਂ ਨੇ ਰਿਕਾਰਡ ਬਣਾ ਧਰਿਆ

ਵਾਸ਼ਿੰਗਟਨ, 8 ਜਨਵਰੀ (ਪੋਸਟ ਬਿਊਰੋ)- ਦੁਨੀਆ ਵਿਚ ਉੱਚ ਹੁਨਰ ਪੇਸ਼ੇਵਰ ਲੋਕਾਂ ਵਿਚ ਅਮਰੀਕੀ ਗ੍ਰੀਨ ਕਾਰਡ ਲੈਣ ਦੀ ਇੱਛਾ ਹੁੰਦੀ ਹੈ। ਯੂ ਐਸ ਡਿਪਾਰਟਮੈਂਟ ਆਫ ਸਟੇਟ ਵਲੋਂ ਪਿੱਛੇ ਜਿਹੇ ਜਾਰੀ ਰਿਪੋਰਟ ਮੁਤਾਬਕ ਅਮਰੀਕਾ ਦਾ ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਦੀ ਸਭ ਤੋਂ ਵੱਧ ਉਡੀਕ ਕਰਨ ਵਾਲਿਆਂ ਵਿਚ ਭਾਰਤੀ ਦੂਜੇ ਥਾਂ ਹਨ। ਚੀਨ ਵਾਲੇ ਇਸ ਸੂਚੀ ਵਿਚ ਪਹਿਲੇ ਨੰਬਰ ’ਤੇ ਹਨ। ਰਿਪੋਰਟ ਮੁਤਾਬਕ ਉਡੀਕ ਰਹੇ ਜ਼ਿਆਦਾਤਰ ਲੋਕ ਗ੍ਰੀਨ ਕਾਰਡ ਹਾਸਲ ਕਰਨ ਦੇ ਪਾਤਰ ਹਨ। ਅਮਰੀਕਾ ਦੀ ਨਾਗਰਿਕਤਾ ਹਾਸਲ ਕਰਨ ਲਈ ਗ੍ਰੀਨ ਕਾਰਡ ਪਹਿਲਾ ਕਦਮ ਹੈ। ਗ੍ਰੀਨ ਕਾਰਡ ਹਾਸਲ ਕਰਨ ਤੋਂ ਬਾਅਦ ਇਥੇ ਜਾਇਜ਼ ਤਰੀਕੇ ਨਾਲ ਸਥਾਈ ਵਾਸੀ ਦੇ ਤੌਰ ’ਤੇ ਰਿਹਾ ਜਾ ਸਕਦਾ ਹੈ ਅਤੇ ਕੰਮ ਕੀਤਾ ਜਾ ਸਕਦਾ ਹੈ। ਵੀਜ਼ੇ ਵਾਂਗ




ਗ੍ਰੀਨ ਕਾਰਡ ਦੀ ਆਖਰੀ ਮਿਤੀ ਨਹੀਂ ਹੁੰਦੀ।

ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਵਿਚ ਮੌਜੂਦਾ ਕਾਨੂੰਨ ਹੇਠ ਇਕ ਸਾਲ ਵਿਚ ਕਿਸੇ ਦੇਸ਼ ਦੇ ਕੁੱਲ 7 ਫੀਸਦੀ ਲੋਕਾਂ ਨੂੰ ਹੀ ਗ੍ਰੀਨ ਕਾਰਡ ਦਿੱਤਾ ਜਾ ਸਕਦਾ ਹੈ। ਇਸ ਕੋਟੇ ਦੀ ਵਜ੍ਹਾ ਨਾਲ ਭਾਰਤ ਤੇ ਚੀਨ ਵਿਚ ਬਿਨੈਕਾਰਾਂ ਦੀ ਉਡੀਕ ਦੀ ਮਿਆਦ ਵਧਦੀ ਜਾਂਦੀ ਹੈ। ਹੋਰ ਜਾਂ ਘੱਟ ਹੁਨਰਮੰਦ ਕਾਮੇ ਜਿਵੇਂ ਕੁਝ ਸ਼੍ਰੇਣੀਆਂ ਵਿਚ ਮੌਜੂਦਾ ਸਮੇਂ ਵਿਚ ਸਿਰਫ 10 ਹਜ਼ਾਰ ਵੀਜ਼ਾ ਪ੍ਰਤੀ ਸਾਲ ਦੇਣ ਦੀ ਇਜਾਜ਼ਤ ਹੈ। ਇਹੀ ਕਾਰਨ ਹੈ ਕਿ ਅਮਰੀਕਾ ਵਿਚ ਪੱਕੇ ਵਸੇਬੇ ਦੀ ਮੰਗ ਕਰਨ ਵਾਲੇ ਚੀਨੀ ਕਾਮਿਆਂ ਲਈ 11 ਸਾਲ ਅਤੇ 7 ਮਹੀਨੇ ਦੀ ਉਡੀਕ ਦੀ ਮਿਆਦ ਚੱਲ ਰਹੀ ਹੈ। ਇਕੋ ਦੇਸ਼ ਤੋਂ ਇਕੋ ਸ਼੍ਰੇਣੀ ਵਿਚ ਵੱਡੀ ਗਿਣਤੀ ਵਿਚ ਅਰਜ਼ੀਆਂ ਆਉਣ ਉੱਤੇ ਵੀ ਕੁਲ ਸਾਲਾਨਾ ਗ੍ਰੀਨ ਕਾਰਡ ਵਿਚ ਬੈਕਲਾਗ ਦੇਖਣ ਨੂੰ ਮਿਲ ਸਕਦਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਵਲੋਂ ਜਾਰੀ ਅਧਿਕਾਰਤ ਅੰਕੜੇ ਮੁਤਾਬਕ ਦੁਨੀਆ ਵਿਚ ਗ੍ਰੀਨ ਕਾਰਡ ਦੀ ਉਡੀਕ ਕਰਦੇ ਲੋਕਾਂ ਵਿਚ ਸਭ ਤੋਂ ਵੱਧ ਤਕਰੀਬਨ ਚੌਥਾ ਹਿੱਸਾ ਭਾਰਤੀ ਹਨ। ਮਈ 2018 ਤੱਕ ਗ੍ਰੀਨ ਕਾਰਡ ਦੀ ਉਡੀਕ ਕਰਦੇ 3,95,025 ਵਿਦੇਸ਼ੀਆਂ ਵਿਚੋਂ 3,06,601 ਭਾਰਤੀ ਹਨ। ਚੀਨ ਵਿਚ 67,031 ਨਾਗਰਿਕ ਗ੍ਰੀਨ ਕਾਰਡ ਮਿਲਣ ਦੀ ਉਮੀਦ ਹੈ। ਹੋਰ ਦੇਸ਼ਾਂ ਵਿਚੋਂ ਗਿਣਤੀ 10 ਹਜ਼ਾਰ ਤੋਂ ਜ਼ਿਆਦਾ ਨਹੀਂ ਹਨ।

# ਸੜਕ ਕਿਨਾਰੇ ਹੈਜ ਲਾਉਣ ਨਾਲ ਪ੍ਰਦੂਸ਼ਣ ਘੱਟ ਹੋਵੇਗਾ

ਲੰਡਨ, 8 ਜਨਵਰੀ (ਪੋਸਟ ਬਿਊਰੋ)- ਦੁਨੀਆ ਭਰ ਵਿੱਚ ਰੋਜ਼ ਵਧਦਾ ਪ੍ਰਦੂਸ਼ਣ ਸਭ ਤੋਂ ਵੱਡਾ ਸੰਕਟ ਬਣ ਗਿਆ ਹੈ। ਸੜਕਾਂ 'ਤੇ ਅੰਨ੍ਹੇਵਾਹ ਦੌੜਦੀਆਂ ਗੱਡੀਆਂ ਤੇ ਫੈਕਟਰੀਆਂ ਤੋਂ ਨਿਕਲੇ ਧੂੰਏਂ ਕਾਰਨ ਸ਼ਹਿਰੀ ਇਲਾਕਿਆਂ 'ਚ ਹਵਾ ਪ੍ਰਦੂਸ਼ਣ ਦਾ ਪੱਧਰ ਜ਼ਿਆਦਾ ਵਧ ਗਿਆ ਹੈ। ਇਸ ਨੂੰ ਕੰਟਰੋਲ ਕਰਨ ਲਈ ਕਈ ਸ਼ਹਿਰਾਂ 'ਚ ਸੜਕਾਂ ਦੇ ਕਿਨਾਰੇ ਦਰੱਖਤ ਲਗਾਏ ਜਾ ਰਹੇ ਹਨ। ਇਕ ਖੋਜ 'ਚ ਦਾਅਵਾ ਕੀਤਾ ਗਿਆ ਹੈ ਕਿ ਇਨ੍ਹਾਂ ਦਰੱਖਤਾਂ ਦੀ ਥਾਂ ਹੈਜ ਲਗਾਉਣ ਨਾਲ ਪ੍ਰਦੂਸ਼ਣ ਆਸਾਨੀ ਨਾਲ ਘੱਟ ਹੋ ਸਕਦਾ ਹੈ। ਬੂਟਿਆਂ ਨੂੰ ਬਰਾਬਰ ਆਕਾਰ 'ਚ ਕੱਟ ਕੇ ਹੈਜ ਤਿਆਰ ਕੀਤੀ ਜਾਂਦੀ ਹੈ। ਪਾਰਕਾਂ ਆਦਿ 'ਚ ਇਸ ਨੂੰ ਤਾਰ ਵਾਂਗ ਵੀ ਇਸਤੇਮਾਲ ਕੀਤਾ ਜਾਂਦਾ ਹੈ।

ਬ੍ਰਿਟੇਨ ਦੀ ਯੂਨੀਵਰਸਿਟੀ ਆਫ ਸਰੇ ਦੇ ਖੋਜੀਆਂ ਮੁਤਾਬਕ ਹੈਜ ਹਵਾ 'ਚ ਮੌਜੂਦ ਬਲੈਕ ਕਾਰਬਨ ਦੀ ਮਾਤਰਾ ਨੂੰ 63 ਫੀਸਦੀ ਤੱਕ ਘੱਟ ਕਰ ਸਕਦੀ ਹੈ। ਇਸ ਸਿੱਟੇ 'ਤੇ ਪਹੁੰਚਣ ਲਈ ਉਨ੍ਹਾਂ ਨੇ ਬ੍ਰਿਟੇਨ ਦੇ ਛੇ ਇਲਾਕਿਆਂ ਵਿੱਚ ਖੋਜ ਕੀਤੀ ਹੈ। ਇਸ ਵਿੱਚ ਭਾਰਤਵੰਸ਼ੀ ਵਿਗਿਆਨੀ ਪ੍ਰਸ਼ਾਂਤ ਕੁਮਾਰ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇਸ ਖੋਜ ਲਈ ਕੁਝ ਇਲਾਕਿਆਂ 'ਚ ਸੜਕ ਕਿਨਾਰੇ ਹੈਜ ਤੇ ਕੁਝ 'ਚ ਦਰੱਖਤ ਲਾਏ ਗਏ। ਕੁਝ ਇਲਾਕਿਆਂ 'ਚ ਹੈਜ ਅਤੇ ਦਰੱਖਤ ਇਕੱਠੇ ਲਗਾਏ ਗਏ। ਵਿਗਿਆਨੀਆਂ ਨੇ ਪਾਇਆ ਕਿ ਜਿਨ੍ਹਾਂ ਸੜਕਾਂ ਦੇ ਕਿਨਾਰੇ ਹੈਜ ਜਾਂ ਹੈਜ ਦੇ ਨਾਲ ਦਰੱਖਤ ਲਾਏ ਗਏ ਸਨ, ਉਥੋਂ ਦੇ ਇਲਾਕੇ 'ਚ ਪ੍ਰਦੂਸ਼ਣ ਕਾਫੀ ਘੱਟ ਹੋ ਗਿਆ। ਸਿਰਫ ਦਰੱਖਤ ਵਾਲੇ ਇਲਾਕਿਆਂ 'ਚ ਏਦਾਂ ਦਾ ਪ੍ਰਭਾਵ ਦੇਖਣ ਨੂੰ ਨਹੀਂ ਮਿਲਿਆ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੈਜ ਕਾਰਬਨ ਦੇ ਨਾਲ ਹੀ ਹਵਾ 'ਚ ਮੌਜੂਦ ਕਣਾਂ ਨੂੰ ਘੱਟ ਕਰਦੀ ਹੈ।

Honesty, Reliability, Commitment
HomeLife SilverCity Realty Inc. Brokerage
"Open House Until Sold"
○ 1 yr Home Warranty
○ Furniture & Home Appliances
○ Get 40% Discount on Brand Name
○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT BRAND NEW MACHINES 2018
Brake & Drum - On Special Sale! -Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

## ਵਸੀਅਤ ਵਾਸਤੇ 12 ਹਜ਼ਾਰ ਲੈਂਦਾ ਹੋਇਆ ਪਟਵਾਰੀ ਦਾ ਕਾਰਿੰਦਾ ਗ੍ਰਿਫਤਾਰ



ਬਟਾਲਾ, 8 ਜਨਵਰੀ (ਪੋਸਟ ਬਿਊਰੋ)- ਵਸੀਅਤ ਕਰਵਾਉਣ ਲਈ ਪਟਵਾਰੀ ਵੱਲੋਂ ਪਿੰਡ ਮੜੀਆਂਵਾਲ ਦੇ ਵਿਅਕਤੀ ਤੋਂ 12 ਹਜ਼ਾਰ ਰੁਪਏ ਰਿਸ਼ਵਤ ਲੈਣ ਦੀ ਸ਼ਿਕਾਇਤ 'ਤੇ ਵਿਜੀਲੈਂਸ ਨੇ ਛਾਪਾ ਮਾਰ ਕੇ ਪਟਵਾਰੀ ਦੇ ਕਾਰਿੰਦੇ ਨੂੰ ਰਿਸ਼ਵਤ ਦੇ ਲਈ ਪੈਸਿਆਂ ਨਾਲ ਗ੍ਰਿਫਤਾਰ ਕਰ ਲਿਆ ਅਤੇ ਪਟਵਾਰੀ ਅਤੇ ਕਾਰਿੰਦੇ 'ਤੇ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਕਰਤਾ ਜਗਤਾਰ ਸਿੰਘ ਵਾਸੀ ਮੜੀਆਂਵਾਲ ਨੇ ਦੱਸਿਆ ਕਿ ਉਸ ਦੇ ਮਾਮੇ ਦਾ ਦਿਹਾਂਤ ਹੋ ਗਿਆ ਅਤੇ ਮਾਮੇ ਦਾ ਇਕਲੌਤਾ ਬੇਟਾ ਇਟਲੀ ਵਿੱਚ ਰਹਿੰਦਾ ਹੈ। ਮਾਮੇ ਦੇ ਬੇਟੇ ਦੇ ਨਾਂਅ ਮਾਮੇ ਦੀ ਵਸੀਅਤ ਵਿੱਚ ਕਰਾਉਣ ਦੇ ਲਈ ਪਟਵਾਰੀ ਸੁਰਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਪਟਵਾਰੀ ਨੇ 15 ਹਜ਼ਾਰ ਰੁਪਏ ਵਸੀਅਤ ਕਰਨ ਲਈ ਮੰਗੇ। ਬਾਅਦ ਵਿੱਚ 12 ਹਜ਼ਾਰ ਵਿੱਚ ਤੈਅ ਕਰ ਕੇ ਵਿਜੀਲੈਂਸ ਨੂੰ ਸ਼ਿਕਾਇਤ ਦੇ ਦਿੱਤੀ। ਸ਼ਿਕਾਇਤ 'ਤੇ ਕੱਲ੍ਹ ਵਿਜੀਲੈਂਸ ਨੇ ਪਟਵਾਰੀ ਦੇ ਕਾਰਿੰਦੇ ਤੋਂ ਰਿਸ਼ਵਤ ਦੇ 12 ਹਜ਼ਾਰ ਰੁਪਏ ਸਮੇਤ ਰੰਗੇ ਹੱਥ ਗ੍ਰਿਫਤਾਰ ਕਰ ਲਿਆ।

## ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ 'ਚ ਫੋਟੋਗ੍ਰਾਫੀ ਤੇ ਸੈਲਫੀ ਲੈਣ ਉਤੇ ਪਾਬੰਦੀ

ਅੰਮ੍ਰਿਤਸਰ, 8 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਪਰਿਕਰਮਾ ਵਿੱਚ ਸ਼ਰਧਾਲੂਆਂ ਨੇ ਸੈਲਫੀਆਂ ਲੈਣ ਅਤੇ ਮੋਬਾਈਲ ਫੋਨਾਂ ਤੇ ਕੈਮਰਿਆਂ ਨਾਲ ਵੀਡੀਓ ਬਣਾਉਣ ਉੱਤੇ ਸ਼੍ਰੋਮਣੀ ਕਮੇਟੀ ਵੱਲੋਂ ਰੋਕ ਲਾ ਦਿੱਤੀ ਹੈ। ਇਸ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਨੇ ਬਕਾਇਦਾ ਸਰੋਵਰ ਦੇ ਜੰਗਲਿਆਂ ਨਾਲ ਸੂਚਨਾ ਬੋਰਡ ਲਗਵਾ ਦਿੱਤੇ ਹਨ।

ਕਈ ਥਾਈਂ ਲਾਏ ਇਨ੍ਹਾਂ ਬੋਰਡਾਂ ਉਤੇ ਪੰਜਾਬੀ, ਅੰਗਰੇਜ਼ੀ ਤੇ ਹਿੰਦੀ 'ਚ ਲਿਖਿਆ ਗਿਆ ਹੈ ਕਿ 'ਰੂਹਾਨੀਅਤ ਦੇ ਕੇਂਦਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ ਮਨ੍ਹਾ ਹੈ।' ਇਸ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਕਿਹਾ ਕਿ



ਪਰਿਕਰਮਾ 'ਚ ਤਸਵੀਰਾਂ ਖਿੱਚਣ ਤੇ ਸੈਲਫੀਆਂ ਲੈਣ ਵੇਲੇ ਕਈ ਵਾਰ ਇਸ ਪਾਵਨ ਅਸਥਾਨ ਦੀ ਮਰਯਾਦਾ ਦਾ ਖਿਲਾਫ ਨਹੀਂ ਰੱਖਿਆ ਜਾਂਦਾ। ਉਨ੍ਹਾਂ ਕਿਹਾ ਕਿ ਫੋਟੋਗ੍ਰਾਫੀ ਤੇ ਵੀਡੀਓਗ੍ਰਾਫੀ 'ਤੇ ਰੋਕ ਲਾ ਦਿੱਤੀ ਗਈ ਹੈ ਅਤੇ ਏਦਾਂ ਕਰਨ ਵਾਲੇ ਸ਼ਰਧਾਲੂਆਂ ਨੂੰ ਸੇਵਾਦਾਰਾਂ ਵੱਲੋਂ ਰੋਕਿਆ ਜਾਵੇਗਾ। ਮੀਡੀਆ ਕਰਮੀਆਂ ਵੱਲੋਂ ਆਪਣੀਆਂ ਅਖਬਾਰਾਂ ਤੇ ਚੈਨਲਾਂ ਲਈ ਤਸਵੀਰਾਂ ਲੈਣ ਤੇ ਵੀਡੀਓ ਬਣਾਉਣ ਬਾਰੇ ਪੁੱਛੇ ਜਾਣ 'ਤੇ ਉਨ੍ਹਾ ਨੇ ਕਿਹਾ ਕਿ ਫਿਲਹਾਲ ਇਹ ਪਾਬੰਦੀ ਸਭ 'ਤੇ ਲਾਗੂ ਹੈ, ਪਰ ਮੀਡੀਆ ਬਾਰੇ ਬਾਅਦ ਵਿੱਚ ਵਿਚਾਰ ਕੀਤਾ ਜਾਵੇਗਾ।

